

# ਉਡੀਕਾਂ

ਸਰਬਜੀਤ 'ਦਰਦੀ'

ਉਡੀਕਾਂ (ਗ਼ਜ਼ਲ-ਸੰਗ੍ਰਹਿ) ਸਰਬਜੀਤ 'ਦਰਦੀ'

UDEEKAN (GHAZALS)
Writer: Sarbjit Singh 'Dardi'
V.& P. O. Kotli Than Singh
Distt. Jalandhar. (Punjab)

# ਉਡੀਕਾਂ

(ਗ਼ਜ਼ਲ ਸੰਗ੍ਰਹਿ)

**ਲੇਖਕ: ਸਰਬਜੀਤ 'ਦਰਦੀ'**
ਪਿੰਡ ਤੇ ਡਾਕ:- ਕੋਟਲੀ ਥਾਨ ਸਿੰਘ
ਜ਼ਿਲਾ- ਜਲੰਧਰ (ਪੰਜਾਬ)
ਮੋਬ: 98146-14988
98721-65589
94644-67374

ਪਹਿਲੀ ਵਾਰ: 2008

**ਮੁੱਲ: 60 ਰੁਪਏ**

ਸਭ ਹੱਕ ਲੇਖਕ ਦੇ ਰਾਖਵੇਂ ਹਨ।

ਪ੍ਰਕਾਸ਼ਕ-
ਅਰਸ਼ਦੀਪ ਪ੍ਰਕਾਸ਼ਨ,
421-ਦਕੋਹਾ (ਜਲੰਧਰ)-144023
ਫੋਨ: 94636-13528

Printers: White Cross Printers, Dhan Mohalla, Jalandhar-8



ਆਪਣੇ ਪੂਜਨੀਕ ਦਾਦਾ ਜੀ ਸ. ਸੋਹਣ ਸਿੰਘ ਜੀ 'ਦਰਦੀ'
ਅਤੇ ਸਵਰਗਵਾਸੀ ਦਾਦੀ ਜੀ ਸ਼੍ਰੀਮਤੀ ਨਸੀਬ ਕੌਰ ਜੀ
ਦੇ ਚਰਨਾਂ ਵਿੱਚ ਸਮਰਪਿਤ!

ਸਰਬਜੀਤ 'ਦਰਦੀ'

# ਤਤਕਰਾ


| ਕਿੰਨਵੀਂ | ਕਿਹੜੀ? | ਕਿੱਥੇ? |
|---|---|---|
| 1. | ਉਡੀਕ ਹੈ। | 13 |
| 2. | ਕਿੰਨਾਂ ਤੈਨੂੰ ਚ੍ਹਾਵਾਂ। | 14 |
| 3. | ਕਿਸੇ ਦਾ ਡਰ ਨਹੀਂ। | 15 |
| 4. | ਭਗਵਾਨ ਵੇਖੇ ਨੇ। | 16 |
| 5. | ਇਹ ਹੈ ਘਾਲਣਾ। | 17 |
| 6. | ਸਜਾਏ ਨੇ। | 18 |
| 7. | ਨਾ ਸਤਾਇਆ ਕਰ। | 19 |
| 8. | ਫੁੱਲਾਂ ਦੇ ਸਿਰਨਾਵੇਂ। | 20 |
| 9. | ਯਾਰ ਦੇ ਮੈਂ ਸਦਕੇ। | 21 |
| 10. | ਚੰਗਾ ਸੀ। | 22 |
| 11. | ਮੁਸਕਾ ਗਈ। | 23 |
| 12. | ਕੀ ਕਰਾਂ। | 24 |
| 13. | ਸੀਨੇ ਲਾਵਾਂ। | 25 |
| 14. | ਸਰਕਾਰ ਦੀ ਤਾਕਤ | 26 |
| 15. | ਰਸਤਿਆਂ ਉੱਤੇ। | 27 |
| 16. | ਬਹਾਰ ਬਣਕੇ। | 28 |
| 17. | ਨਿਭਾਉਂਦਾ ਨਹੀਂ। | 29 |
| 18. | ਕੰਮ ਗਦਾਰਾਂ ਦਾ। | 30 |
| 19. | ਮਾਸਿਆਂ ਵਰਗਾ। | 31 |
| 20. | ਰੁਜ਼ਗਾਰ ਨਹੀਂ। | 32 |
| 21. | ਮੱਝਾਂ ਚਰਾਉਣ ਵਾਲੇ। | 33 |
| 22. | ਪਹਿਨੇ ਨਕਾਬ ਏਥੇ। | 34 |
| 23. | ਬੁਲਾਇਆਂ ’ਤੇ। | 35 |
| 24. | ਨਾ ਤੂੰ ਆਇਆ। | 36 |
| 25. | ਲੁਕੋ ਕੇ? | 37 |
| 26. | ਜ਼ਿੰਦਗੀ ਬਣਕੇ। | 38 |
| 27. | ਤੋੜਿਆ ਦਿਲ ਹੈ। | 39 |
| 28. | ਮੇਰੀ ਗ਼ਜ਼ਲ। | 40 |
| 29. | ਮਹਿਮਾਨ ਹੈ। | 41 |
| 30. | ਚੇਤਾ ਨਹੀਂ ਭੁਲਦਾ। | 42 |
| 31. | ਕੀ ਗਿਲਾ ਹੈ। | 43 |
| 32. | ਗਿਣਾਵਾਂ ਸਾਰੇ। | 44 |
| 33. | ਪਿਆਰ ਕੀ ਕਰਨਾ। | 45 |
| 34. | ਦੂਰ ਹੋ ਕੇ। | 46 |

| ਕਿੰਨਵੀਂ | ਕਿਹੜੀ? | ਕਿੱਥੇ? |
|---|---|---|
| 35. | ਹੋ ਗਿਆ ਪਰਾਇਆ। | 47 |
| 36. | ਹਾਲ ਅਪਣੇ ਯਾਰ ਦਾ। | 48 |
| 37. | ਕੁੜੀਆਂ ਖੇਡਦੀਆਂ। | 49 |
| 38. | ਪਿਆਰੇ ਦੋਸਤਾ। | 50 |
| 39. | ਪੱਥਰ ਹੁੰਦਾ। | 51 |
| 40. | ਸੀਸ ਤਲੀ ਧਰ ਆਵਾਂ। | 52 |
| 41. | ਔਖੀ ਬੜੀ ਏ ਯਾਰਾ। | 53 |
| 42. | ਤੇਰੀ ਯਾਦ ਆਈ। | 54 |
| 43. | ਕਿੱਦਾਂ ਗੁਲਾਬ। | 55 |
| 44. | ਇਹ ਬਹਾਰਾਂ। | 56 |
| 45. | ਡਰਿਆ ਕਰਦੇ ਨੇ। | 57 |
| 46. | ਖੁਸ਼ੀਆਂ ਦੀ ਮੈਂ ਦਾਤ। | 58 |
| 47. | ਵੰਗਾਂ ਦੀ ਛਣਕਾਰ। | 59 |
| 48. | ਤੈਨੂੰ ਮਨਾਵਾਂਗਾ। | 60 |
| 49. | ਤਰਲੇ ਪਾਉਂਦੀ ਏ। | 61 |
| 50. | ਤੂੰ ਕੁਰਲਾਵੇਂਗਾ। | 62 |
| 51. | ਜਫ਼ਾ ਕਰਕੇ। | 63 |
| 52. | ਜਰ ਨਹੀਂ ਹੋਣਾ। | 64 |
| 53. | ਮੇਰੇ ਵਿਹੜੇ ਵਿਚ? | 65 |
| 54. | ਲੁਕੋ ਲੈਂਦਾਂ। | 66 |
| 55. | ਬੀਨ ਵਜਾ ਜੋਗੀ। | 67 |
| 56. | ਖ਼ਤਾ ਕੋਈ ਨਹੀਂ। | 68 |
| 57. | ਮੇਰੀ ਦਰਦ ਕਹਾਣੀ। | 69 |
| 58. | ਜਾਨਾਂ ਵਾਰੀਆਂ। | 70 |
| 59. | ਨਿਵਾਸ ਤੇਰਾ। | 71 |
| 60. | ਅਪਣੇ ਪਿਆਰਿਆਂ ਦਾ। | 72 |
| 61. | ਆਉਂਦਾ ਹੈ। | 73 |
| 62. | ਯਾਰ ਹੁਣ। | 74 |
| 63. | ਸ਼ੌਕ ਹੈ। | 75 |
| 64. | ਮਿਲ ਗਿਆ ਹੈ। | 76 |
| 65. | ਪਰਚਾ ਲਿਆ। | 77 |
| 66. | ਇਹ ਕਾਲੇ ਹਨੇਰੇ। | 78 |
| 67. | ਨਕਾਰਿਆਂ ਤੋਂ। | 79 |
| 68. | ਯਾਰਾਂ ਨੇ। | 80 |




*ਮੇਰੀ ਬਗੀਚੀ ਦਾ ਮਹਿਕਦਾ ਫੁੱਲ-*

## ਸਰਬਜੀਤ ਦਰਦੀ

ਸਰਬਜੀਤ ਦਰਦੀ ਮੇਰੀ ਸਾਹਿਤਕ ਬਗੀਚੀ (ਸੰਧੂ ਗ਼ਜ਼ਲ ਸਕੂਲ) ਦਾ ਇੱਕ ਐਸਾ ਮਹਿਕਾਂ-ਮੱਤਾ ਫੁੱਲ ਹੈ ਜਿਸ ਦੀ ਹਰ ਕਾਵਿ-ਪੱਤੀ ਵਿੱਚੋਂ ਸਦਾ ਨਿੰਮੀ-ਨਿੰਮੀ ਮਹਿਕ ਆਉਂਦੀ ਰਹਿੰਦੀ ਹੈ। ਇਹ ਪਿਆਰਾ ਜਿਹਾ ਬੱਚਾ ਮਿੰਨੀ-ਮਿੰਨੀ ਮੁਸਕਣੀ ਮੁਸਕਾਉਂਦਾ ਰਹੇਗਾ ਤੇ ਤੁਹਾਡੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਦਾ ਰਹੇਗਾ। ਪਰ ਏਨਾਂ ਕੁ ਵੀ ਖੁੱਲ੍ਹਣ ਵਾਸਤੇ ਤੁਹਾਨੂੰ ਕਈ ਵਾਰ ਉਸ ਨਾਲ ਬਹਿਣਾ ਪਵੇਗਾ, ਉਂਜ ਤਾਂ ਉਹ ਦੂਸਰੇ ਦੀਆਂ ਗੱਲਾਂ ਸੁਣ ਸੁਣ ਕੇ ਹੀ ਆਨੰਦ-ਵਿਭੋਰ ਹੁੰਦਾ ਰਹਿੰਦਾ ਹੈ। ਹੈ ਨਾ ਵਿਲੱਖਣ ਲੱਛਣ ਮੇਰੇ ਬੱਚੇ ਦੇ, ਨਹੀਂ ਤਾਂ ਅੱਜ ਕੱਲ੍ਹ ਕੌਣ ਸੁਣਦੈ ਕਿਸੇ ਦੀ! ਲੋਕ ਆਪਣੀਆਂ ਸੁਣਾਉਂਦੇ ਸੁਣਾਉਂਦੇ ਹੀ ਆਉਂਦੇ ਨੇ ਤੇ ਆਪਣੀਆਂ ਸੁਣਾਉਂਦੇ ਸੁਣਾਉਂਦੇ ਹੀ ਤੁਰ ਜਾਂਦੇ ਨੇ।

ਸਰਬਜੀਤ ਪਹਿਲਾਂ ਪਹਿਲਾਂ ਕਹਾਣੀਆਂ ਲਿਖਦਾ ਹੁੰਦਾ ਸੀ। ਉਦੋਂ ਉਹ ਪੱਗ ਵੀ ਕਹਾਣੀ ਵਾਂਗੂੰ ਹੀ ਪੋਚ-ਪੋਚ ਕੇ ਬੰਨ੍ਹਿਆ ਕਰਦਾ ਸੀ। ਗ਼ਜ਼ਲ-ਉਸਤਾਦ ਜਨਾਬ ਗੁਰਦੀਪ ਭਾਟੀਆ ਦੀ ਕਲੀਨਿਕ 'ਤੇ ਕੰਮ ਕਰਦਿਆਂ, ਉੱਥੇ ਮੇਰਾ ਆਉਣ-ਜਾਣ ਹੋਣ ਕਾਰਨ, ਇਹ ਮੇਰੇ ਨੇੜੇ ਲੱਗਿਆ ਤਾਂ ਮੇਰੇ ਤੋਂ ਗ਼ਜ਼ਲਾਂ ਦੀ ਛੂਤ ਵੀ ਇਸ ਨੂੰ ਲੱਗ ਗਈ। ਫਿਰ ਇਹ ਗ਼ਜ਼ਲਾਂ ਲਿਖਣ ਲੱਗ ਪਿਆ ਤਾਂ ਇਸ ਨੇ ਦਾੜ੍ਹੀ-ਮੂੰਹ ਵੀ ਸਫਾ-ਚੱਟ ਕਰਵਾ ਲਿਆ, ਗ਼ਜ਼ਲ ਦੇ ਮਤਲੇ ਵਰਗਾ।

ਨਿਰੋਲ ਦੁਆਬੀਆ ਸੂਖਮ-ਭਾਵੀ ਸ਼ਾਇਰ ਹੋਣ ਦੇ ਬਾਵਜੂਦ ਵੇਖਣ ਨੂੰ ਉਹ ਵੇਟ-ਲਿਫਟਰ ਲੱਗਦਾ ਏ। ਪਰ ਇਸ ਦਿੱਖ ਦਾ ਫ਼ਾਇਦਾ ਉਠਾਉਂਣ ਲਈ ਉਸ ਨੇ ਕਦੀ ਐਸੀ ਫੜ੍ਹ ਨਹੀਂ ਮਾਰੀ। ਫੜ੍ਹ ਮਾਰਨੀ ਤਾਂ ਕੀ ਉਸ ਲਈ ਤਾਂ ਕਈ ਵਾਰ ਆਪਣੀ ਪ੍ਰਾਪਤ ਪ੍ਰਭਤਾ ਦਾ ਸਹੀ ਪ੍ਰਗਟਾਵਾ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ। ਬਹੁਤ ਹੀ ਸੰਗਾਊ ਹੈ ਸਰਬਜੀਤ ਦਰਦੀ।

ਅਰੂਜ਼ ਦਾ ਚੰਗਾ ਗਿਆਨ ਹੁੰਦਿਆਂ ਹੋਇਆਂ ਵੀ ਜਦੋਂ ਉਹ ਨਿੱਕੀਆਂ-ਨਿੱਕੀਆਂ ਗੱਲਾਂ ਮੇਰੇ ਤੋਂ ਪੁੱਛਦਾ ਏ ਤਾਂ ਮੈਨੂੰ ਉਹ ਇੱਕ ਭੋਲਾ ਜਿਹਾ ਬੱਚਾ ਹੀ ਜਾਪਦਾ ਏ। ਬੱਚਿਆਂ ਵਾਲੀ ਇਸ ਜਗਿਆਸਾ ਨੇ ਕਿਸੇ ਦਿਨ ਇਸ ਨੂੰ ਗ਼ਜ਼ਲ-ਪੰਡਿਤ ਬਣਾ ਦੇਣੈ। ਪਰ ਦਰਦੀ ਵਿੱਚੋਂ ਹੈ ਬੜਾ ਖੋਚਰੀ, ਉਹ ਆਪਣੀ ਸ਼ਾਇਰੀ ਵਿੱਚ ਬੜੀਆਂ ਕੰਮ ਦੀਆਂ ਗੱਲਾਂ ਕਰ ਜਾਂਦਾ ਹੈ। ਅੱਜ-ਕੱਲ੍ਹ ਦੇ ਇਹ ਨੌਜਵਾਨ ਸ਼ਾਇਰ ਆਮ ਤੌਰ 'ਤੇ ਹੀ ਬੜੀਆਂ ਸਿਆਣੀਆਂ ਗੱਲਾਂ ਕਰ ਜਾਂਦੇ ਨੇ ਤੇ ਆਪਣੇ ਸ਼ਿਅਰਾਂ ਵਿੱਚ ਅਟੱਲ ਸਚਾਈਆਂ ਬਿਆਨ ਕਰ ਜਾਂਦੇ ਨੇ-

ਉਹ ਕਰਨਗੇ ਜਿਬ੍ਹਾ ਹੁਣ ਨਸ਼ਤਰ ਚੁਭੋ ਚੁਭੋ ਕੇ।
ਜਿਹਨਾਂ ਨੇ ਭੇਤ ਲੈ ਲਏ, ਤੇਰੇ ਕਰੀਬ ਹੋ ਕੇ।

ਉਂਜ, 'ਜਿਨ ਪਰੇਮ ਕੀਓ ਤਿਨ ਹੀ ਪ੍ਰਭ ਪਾਇਉ।' ਦੀ ਵਿਚਾਰ-ਧਾਰਾ ਦਾ

ਧਾਰਨੀ ਦਰਦੀ ਆਪ ਮੁਹੱਬਤ ਦਾ ਸ਼ਾਇਰ ਹੈ ਤੇ ਮੁਹੱਬਤੀ ਸ਼ਾਇਰੀ ਤੋਂ ਵਾਰੇ-ਵਾਰੇ ਜਾਂਦਾ ਹੈ—

ਸਭ ਦੇ ਦਿਲਾਂ 'ਚ ਪਹੁੰਚੇ, 'ਦਰਦੀ' ਜੋ ਬਣਕੇ ਉਲਫ਼ਤ,
ਸ਼ਿਅਰਾਂ ਦੇ ਵਿਚ ਸਮਾਈ, ਮਹਿਕਾਰ ਦੇ ਮੈਂ ਸਦਕੇ।

ਇਸ਼ਕ ਦੇ ਤਕਾਜ਼ਿਆਂ ਨੂੰ ਦਰਦੀ ਖ਼ੂਬ ਸਮਝਦਾ ਏ-

ਦਿਲਾ ਕਾਲ੍ਹਿਆ ਤੂੰ ਕਿਉਂ ਪੈਂਦੈਂ, ਜ਼ਰਾ ਤਾਂ ਸਬਰ ਕਰ ਕਮਲੇ,
ਉਹ ਜਦ ਤੱਕ ਬਾਤ ਨਹੀਂ ਪਾਉਂਦਾ, ਹੁੰਗਾਰਾ ਭਰ ਨਹੀਂ ਹੋਣਾ।

ਦਰਦੀ ਮੁਹੱਬਤ ਦਾ ਸ਼ਾਇਰ ਹੈ ਤੇ ਮੁਹੱਬਤ ਦੇ ਹਰ ਮਰਹਲੇ ਬਾਰੇ ਉਸ ਨੇ ਖ਼ੂਬ ਖੁੱਲ੍ਹ ਕੇ ਲਿਖਿਆ ਹੈ। ਤਾਂ ਹੀ ਉਸ ਦੀ ਸ਼ਾਇਰੀ ਵਿੱਚ ਇਹੋ ਜਿਹੇ ਸ਼ਿਅਰ ਆਮ ਮਿਲ ਜਾਂਦੇ ਨੇ। ਲਉ ਤੁਸੀਂ ਵੀ ਲੁਤਫ਼ ਉਠਾਉ-

ਜਦ ਵੇਖ ਵੇਖ ਹਸ ਕੇ, ਪਾ ਲੈਣ ਨੀਵੀਂ ਦਿਲਬਰ,
ਉਸ ਵਕਤ ਦੇ ਨਜ਼ਾਰੇ, ਲਗਦੇ ਬੜੇ ਨੇ ਪਿਆਰੇ।

ਤੇ ਨਾਲ ਹੀ-

ਮਹਿਬੂਬ ਜਦ ਵੀ ਹਸਦੈ, ਖਿੜਿਆ ਗੁਲਾਬ ਲੱਗਦੈ,
ਕੁਰਬਾਨ ਹੋ ਰਿਹਾ ਦਿਲ, ਇਹਨਾਂ ਨਜ਼ਾਰਿਆਂ ਤੋਂ।

-0-

ਇੱਕ ਸੁਹਿਰਦ ਲੇਖਕ ਵਾਸਤੇ ਜ਼ਰੂਰੀ ਹੈ ਕਿ ਉਸ ਦੇ ਕੋਲ ਕੁਝ ਲਿਖਣ ਵਾਸਤੇ ਹੋਵੇ। ਕੁਝ ਖ਼ਿਆਲ, ਕੁਝ ਵਲਵਲੇ, ਕੁਝ ਸੁਝਾਅ ਜਾਂ ਸੇਧਾਂ ਉਸ ਦੇ ਦਿਲ-ਦਿਮਾਗ਼ ਵਿੱਚ ਹੋਣ, ਜਿਹੜੀਆਂ ਉਹ ਆਪਣੇ ਪਾਠਕਾਂ ਨੂੰ ਦੇ ਕੇ ਜਾਵੇ। ਜੇ ਐਸਾ ਕੁਝ ਉਸ ਪਾਸ ਨਹੀਂ ਹੈ ਤਾਂ ਫਿਰ ਉਸ ਵਾਸਤੇ ਚੁੱਪ ਹੀ ਭਲੀ।

ਪਰ ਜੇ ਉਸ ਪਾਸ 'ਕੁਝ' ਹੈ ਤਾਂ ਉਸ ਨੂੰ ਆਪਣੇ ਦਿਲ ਦੀ ਗੱਲ ਕਹਿਣ ਵਾਸਤੇ ਆਪਣੀ ਪਸੰਦ ਦੀ 'ਵਿਧਾ' ਚੁਣ ਲੈਣੀ ਚਾਹੀਦੀ ਹੈ, ਜਿਸ ਵਿੱਚ ਉਹ ਆਪਣੇ ਦਿਲੀ-ਜਜ਼ਬਾਤ ਨੂੰ ਸਪਸ਼ਟਤਾ ਅਤੇ ਪ੍ਰਵੀਨਤਾ ਨਾਲ ਲਿਖ ਸਕੇ। ਦਿਲ ਦੀ ਗੱਲ ਕਲਾਤਮਿਕ ਢੰਗ ਨਾਲ ਕਰਨ ਦਾ ਮਤਲਬ ਇਹ ਨਹੀਂ ਕਿ ਆਪਾਂ ਆਪਣੀ ਗੱਲ ਨੂੰ ਕਮਲੀ ਦੇ ਝਾਟੇ ਵਾਂਗੂੰ ਉਲਝਾ ਹੀ ਲਈਏ। ਸਗੋਂ ਕਲਾ ਦਾ ਪ੍ਰਯੋਗ ਤਾਂ ਗੱਲ ਨੂੰ ਹੋਰ ਪ੍ਰਭਾਵੀ ਬਣਾਉਣ ਵਾਸਤੇ ਕੀਤਾ ਜਾਂਦਾ ਹੈ। ਇਸ ਲਈ ਮੁੱਢ-ਕਦੀਮ ਤੋਂ ਹੀ ਲੇਖਕ ਤੇ ਖ਼ਾਸ ਕਰਕੇ ਸ਼ਾਇਰ ਲੋਕ ਆਪਣੀ ਕਵਿਤਾ ਵਿੱਚ ਆਪਣੇ ਖ਼ਿਆਲਾਂ ਨੂੰ ਖ਼ੂਬ ਕਾਰੀਗਰੀ ਨਾਲ ਪੇਸ਼ ਕਰਦੇ ਹਨ ਤੇ ਲਫ਼ਜ਼ਾਂ-ਅਰਥਾਂ ਨੂੰ ਬੀਬੇ ਕਬੂਤਰਾਂ ਵਾਂਗੂੰ ਕਮਾਲ ਦੀਆਂ ਉਡਾਰੀਆਂ ਲਵਾਉਂਦੇ ਹਨ। ਇਹੋ ਹੀ ਉਹਨਾਂ ਦੇ ਫ਼ਨ ਦਾ ਕਮਾਲ ਹੁੰਦਾ ਹੈ। ਵਾਰਤਕ ਅਤੇ ਕਾਵਿ ਦੀਆਂ ਯੁਕਤੀਆਂ, ਮੁਹਾਵਰੇ, ਲੋਕ-ਉਕਤੀਆਂ ਅਤੇ ਅਲੰਕਾਰ ਆਪਣੀ ਲਿਖਤ ਨੂੰ ਖ਼ੂਬਸੂਰਤ ਅਤੇ ਵਿਚਾਰਾਂ ਨੂੰ ਹਰ-ਮਨ-ਪਿਆਰਾ ਬਣਾਉਣ ਵਾਸਤੇ ਹੀ ਥਾਂ-ਪਰ—ਥਾਂ ਵਰਤੇ ਜਾਂਦੇ ਹਨ। ਅਲੰਕਾਰ ਦਾ ਅਰਥ ਹੀ 'ਜ਼ੇਵਰ' ਹੈ, ਜਿਸ ਨਾਲ ਕਾਵਿ-ਵਹੁਟੀ ਹੋਰ ਸੁੰਦਰ ਹੋ ਕੇ ਨਿਖਰੇ।

ਸਰਬਜੀਤ ਦਰਦੀ ਦੇ ਕਾਵਿ ਵਿੱਚ ਵੀ ਉਪਰੋਕਤ ਕਿਸਮ ਦੇ ਸੁੰਦਰਰਤਾ-ਪ੍ਰਸਾਧਨਾਂ ਦਾ ਵਾਹਵਾ ਜਲਵਾ ਦਿੱਸਦਾ ਹੈ। ਉਹ ਆਪਣੀ ਗੱਲ ਨੂੰ ਪ੍ਰੋੜਤਾ ਦੇਣ ਵਾਸਤੇ ਮੁਹਾਵਰੇ ਵਰਤਦਾ ਹੈ, ਪ੍ਰਮਾਣਿਤ ਕਰਵਾਉਣ ਵਾਸਤੇ ਲੋਕ-ਉਕਤੀਆਂ ਦਾ ਇਸਤੇਮਾਲ ਕਰਦਾ ਹੈ ਤੇ ਹਰ-ਦਿਲ-ਅਜ਼ੀਜ਼ ਬਣਾਉਣ ਵਾਸਤੇ ਆਪਣੀ ਸ਼ਾਇਰੀ ਨੂੰ ਤਰ੍ਹਾਂ ਤਰ੍ਹਾਂ ਦੇ ਅਲੰਕਾਰ ਪਹਿਨਾਉਂਦਾ ਹੈ। ਇਹ ਸਾਰਾ ਅਮਲ ਉਸ ਦੀ ਸ਼ਾਇਰੀ ਨੂੰ ਦਿਲ-ਚਸਪ ਅਤੇ ਮਿਆਰੀ

ਬਨਾਉਣ ਵਿੱਚ ਸਹਾਈ ਹੁੰਦਾ ਹੈ। ਚੰਗੇ ਸਕੂਲਾਂ ਦੇ ਸਿੱਖੇ ਹੋਏ ਸਿਖਿਆਰਥੀ ਇਹਨਾਂ ਪਰਸਾਧਨਾਂ ਨੂੰ ਵਰਤਣਾ ਸੁ-ਕੁਸ਼ਲ ਜਾਣਦੇ ਹੁੰਦੇ ਹਨ।

ਆਉ ਜ਼ਰਾ ਦਰਦੀ ਦੀ ਕਾਵਿ-ਕਲਾ ਨੂੰ ਇਸ ਪੱਖ ਤੋਂ ਵੀ ਨਿਹਾਰੀਏ। ਇੱਥੇ ਸੰਖੇਪ ਵਿੱਚ ਅਸੀਂ ਦਰਦੀ ਦੀ ਸ਼ਾਇਰੀ ਵਿੱਚੋਂ ਗਿਣਤੀ ਦੇ ਕੁਝ ਕੁ ਸ਼ਿਅਰਾਂ ਦਾ ਜ਼ਿਕਰ ਕਰਕੇ ਉਸ ਦੇ ਅਲੰਕਾਰ-ਜਗਤ ਨਾਲ ਸਾਂਝ ਪੁਆਉਣ ਦੀ ਕੋਸ਼ਿਸ਼ ਕਰਾਂਗੇ-

**ਅਲੰਕਾਰ-**

ਤਕਰਾਰ ਲਫ਼ਜ਼ੀ (ਪੁਨਰ-ਆਵਰਤੀ ਅਲੰਕਾਰ)-

ਓਸ ਗਲੀ ਵਿਚ ਦਿਲਬਰ ਮੇਰਾ, ਓਸ ਗਲੀ ਵਿਚ ਜੰਨਤ,
ਓਸ ਗਲੀ ਵਿਚ ਸ਼ਾਮ ਸਵੇਰੇ, ਕਿਉਂ ਨਾ ਆਵਾਂ ਜਾਵਾਂ।

ਇਰਾਦੁ-ਉਲ-ਮਿਸਲ (ਮੁਹਾਵਰਾ ਬੰਨ੍ਹਣਾ)-

'ਗਲ ਪੈਣ-ਪੈਣ ਕਰਦੈਂ', ਗਲ ਵਿਚ ਪਵਾ ਲਵਾਂ ਮੈਂ,
ਆਵੇਂ ਕਦੇ ਜੇ ਯਾਰਾ, ਤੂੰ 'ਗ਼ਲ ਦਾ ਹਾਰ' ਬਣਕੇ।

ਇੱਕ ਸ਼ਿਅਰ ਦੇ ਦੋ ਮਿਸਰਿਆਂ ਦੇ ਗਿਣਤੀ-ਮਿਣਤੀ ਦੇ ਹੀ ਲਫ਼ਜ਼ਾਂ ਵਿੱਚ ਦੋ ਪੂਰੇ ਮੁਹਾਵਰੇ ਬੰਨ੍ਹ ਦੇਣੇ ਬੜੀ ਹੀ ਬਾਰੀਕ-ਬੀਨੀ ਦਾ ਕੰਮ ਹੈ ਪਰ ਦਰਦੀ ਵਰਗੇ ਮਿਹਨਤੀ ਕਲਾਕਾਰ ਵਾਸਤੇ ਐਸੀ ਕਾਮਯਾਬੀ ਮੁਸੱਰਤ ਦਾ ਬਾਇਸ ਬਣ ਜਾਂਦੀ ਹੈ।

ਤਸ਼ਬੀਹ (ਉਪਮਾ ਅਲੰਕਾਰ)-

ਨਾਲ ਰਕੀਬਾਂ ਫਿਰਦੇ ਨੇ ਜੋ, ਬਦਲਣ ਮੌਸਮ ਵਾਂਗੂੰ,
ਕੀ ਕਰਨੇ ਹਨ ਗਿਰਗਟ ਵਰਗੇ ਯਾਰਾਂ ਦੇ ਸਿਰਨਾਵੇਂ।

ਫ਼ਿਸਦਾ ਨਹੀਂ ਏ ਚੰਦਰਾ, ਤੇਰੀ ਯਾਦ ਵਾਲਾ ਫੋੜਾ,
ਛੇਤੀ ਤੂੰ ਆ ਜਾ ਯਾਰਾ, ਆ ਜਾ 'ਕੁਆਰ' ਬਣਕੇ।

ਭਾਵੇਂ ਯਾਰ ਨੂੰ ਕੁਆਰ ਨਾਲ ਤੁੱਲਣਾ ਦੇਣੀ ਅਜੀਬ ਜਿਹੀ ਲੱਗੀ ਫਿਰ ਵੀ ਦਰਦੀ ਜੇ ਦਰਦ ਜਾਣਦਾ ਹੈ ਤਾਂ ਦਰਦ ਦੀ ਦਵਾ ਵੀ ਜਾਣਦਾ ਹੈ, ਇਹ ਜਾਣਕੇ ਚੰਗਾ ਲੱਗਿਆ।

ਨਵੀਆਂ ਨਵੀਆਂ ਤਸ਼ਬੀਹਾਂ-

ਤੇਰੇ ਬਿਨ ਪੁੱਛਦਾ ਮੈਨੂੰ ਨਹੀਂ ਕੋਈ ਮੇਰੇ 'ਦਰਦੀ',
ਬਿਨਾ ਤੇਰੇ ਮੈਂ ਯਾਰਾ ਹੋ ਗਿਆਂ, ਬੰਦ-ਖਾਤਿਆਂ ਵਰਗਾ।

ਮੁਦੱਲਲ (ਦਲੀਲ ਨਾਲ ਗੱਲ ਕਰਨੀ)-

ਮੇਰੇ ਵਿਚ ਕਿੱਦਾਂ ਸਮਾਵੇਗੀ ਨਦੀ,
ਮੈਂ ਤਾਂ ਖ਼ੁਦ ਕਤਰਾ ਹਾਂ, ਮੈਂ ਸਾਗਰ ਨਹੀਂ।(ਵਜਾਹਤ ਕਰਨੀ)

ਮੰਜ਼ਿਰਕਸ਼ੀ ਅਤੇ ਉਪਮਾ ਅਲੰਕਾਰ-

ਕਿਵੇਂ ਚੰਨ ਈਦ ਦਾ ਚੜ੍ਹਦੈ, ਵਿਖਾ ਜਾਂਦੇ ਤਾਂ ਚੰਗਾ ਸੀ।
ਜ਼ਰਾ ਪਰਦਾ ਤੁਸੀਂ ਮੁੱਖ ਤੋਂ ਉਠਾ ਜਾਂਦੇ ਤਾਂ ਚੰਗਾ ਸੀ।

ਤੇਵਰ (ਟੁਕੜੀਆਂ)–

ਜਿਸ ਦੀ ਝੋਲੀ ਪਾਏ ਸੀ ਮੈਂ ਹਾਸੇ, ਖ਼ੁਸ਼ੀਆਂ, ਖੇੜੇ,
ਉਸ ਨੇ ਮੇਰੀ ਝੋਲੀ ਪਾਏ, ਹੰਝੂ, ਹੌਕੇ, ਹਾਵਾਂ।

ਤਲਮੀਹ ਦੀ ਖ਼ੂਬੀ (ਇਤਿਹਾਸਕ ਹਵਾਲੇ)

ਫੁਲ ਮਾਸੂਮ ਝੁਕੇ ਨਾ ਜ਼ਾਲਿਮ ਦੇ ਅੱਗੇ,
ਚਿੱਤ ਡੁਲਾ ਨਾ ਸਕਿਆਂ ਖ਼ੌਫ਼ ਦੀਵਾਰਾਂ ਦਾ।

ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਫੁੱਲਾਂ ਨਾਲ ਉਪਮਾ ਦਿੰਦਿਆਂ ਹੋਇਆਂ ਦਰਦੀ ਕਮਾਲ ਕਰ ਗਿਆ ਹੈ। ਉਂਜ ਹਵਾਲਾ ਦੇਣਾ, ਬਹੁਤ ਮੁਸ਼ਕਿਲ ਕਲਾ ਹੈ। ਕੁਝ ਕੁ ਹੀ ਤਾਂ ਸ਼ਬਦ ਹੁੰਦੇ ਹਨ ਇੱਕ ਸ਼ਿਅਰ ਵਿੱਚ, ਤੇ ਉਹਨਾਂ ਦੇ ਵਿੱਚ ਵਿੱਚ ਦੂਜੇ ਵਿਦਵਾਨ ਦੀ ਫਿਲਾਸਫ਼ੀ ਵੀ ਦੇਣੀ ਤੇ ਆਪਣੀ ਗੱਲ ਵੀ ਕਰਨੀ। ਪਰ ਦਰਦੀ ਕਦੀ ਕਦੀ ਐਸਾ ਕਰਦਾ ਨਜ਼ਰ ਆਉਂਦਾ ਹੈ, ਜੋ ਉਸ ਦੇ ਕਲਾਮ ਦੀ ਪਰਪੱਕਤਾ ਦਾ ਲੱਛਣ ਹੈ। ਵੇਖੋ ਇੱਥੇ ਆਪਣੇ ਦਾਦਾ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਦੇ ਮਿਸਰੇ ਦਾ ਹਵਾਲਾ ਕਿੰਨੀ ਖ਼ੂਬਸੂਰਤੀ ਨਾਲ ਦਿੰਦਾ ਹੈ–

ਸੱਚ ਆਖਦਾ ਹੈ 'ਦੀਪਕ', 'ਦਰਦੀ' ਤੂੰ ਸੁਣ ਖਲੋ ਕੇ,
"ਚੱਲੀਏ ਕਿਸੇ ਦੇ ਬਣ ਕੇ! ਰਹੀਏ ਕਿਸੇ ਦੇ ਹੋ ਕੇ!"

ਅਜੋਕੇ ਲੀਡਰਾਂ ਦੀ ਨਕਸ਼-ਨਵੀਸੀ ਕਰਦਾ ਹੋਇਆ ਦਰਦੀ ਲਿਖਦਾ ਹੈ–

ਕਦੇ ਉਹ ਕੱਟਦਾ ਜੇਬਾਂ, ਕਦੇ ਉਹ ਵੰਡਦਾ ਦੌਲਤ,
ਕਦੇ ਉਹ ਡਾਕੂਆਂ ਵਰਗਾ, ਕਦੇ ਉਹ ਦਾਤਿਆਂ ਵਰਗਾ।

ਸਾਦਗੀ ਤੇ ਮਾਸੂਮੀਅਤ–

ਬੈਠ ਕੇ ਕਰ ਲੈ ਤੂੰ ਗੱਲਾਂ ਦੋ ਘੜੀ,
ਫੇਰ ਮੈਂ ਲੱਭਣਾ ਨਹੀਂ, ਤੂੰ ਭਾਲਣਾ।

ਸਰਬਜੀਤ ਦਰਦੀ ਨੇ ਗ਼ਜ਼ਲ ਦੀ ਬਹਿਰ ਪੱਖੋਂ ਵੀ ਕੁਝ ਵਾਧੂ ਮਿਹਨਤ ਕਰਨ ਦੀਆਂ ਪਿਰਤਾਂ ਪਾਈਆਂ ਹਨ। ਉਹ ਆਮ ਤੌਰ 'ਤੇ ਹੀ ਲੰਬੀ ਬਹਿਰ ਵਿੱਚ ਗ਼ਜ਼ਲ ਲਿਖਣ ਦਾ ਸੌਕੀਨ ਹੈ ਤੇ ਬਹੁਤੀ ਵਾਰ ਤਾਂ ਲੰਬੀ ਬਹਿਰ ਨੂੰ ਵੀ ਹੋਰ ਲੰਬੀ ਖਿੱਚ ਕੇ 'ਮੁਸਤਜ਼ਾਦ' (ਸਵਾਈ-ਡਿਓਢੀ) ਹੀ ਕਰ ਲੈਂਦਾ ਹੈ। ਸ਼ਾਇਦ ਐਸਾ ਉਸ ਵੇਲੇ ਕਰਦਾ ਹੈ ਜਦੋਂ ਉਹ ਸਮਝਦਾ ਹੈ ਕਿ ਉਸ ਕੋਲ ਗੱਲ ਵੱਡੀ ਹੈ ਤੇ ਮੌਜੂਦਾ ਬਹਿਰ ਦੀ ਲੰਬਾਈ ਉਸ ਦੀ ਪੂਰੀ ਗੱਲ ਨੂੰ ਕਵਰ ਨਹੀਂ ਕਰ ਸਕੇਗੀ। ਇਹ ਇੱਕ ਮੁਸ਼ਕਿਲ ਕਾਰਜ ਹੁੰਦਾ ਹੈ ਕਿਉਂਕਿ ਜਿੰਨੀ ਲੰਬੀ ਬਹਿਰ ਹੋਵੇਗੀ, ਗ਼ਲਤੀਆਂ ਵੀ ਉਸ ਵਿੱਚ ਓਨੀਆਂ ਹੀ ਜ਼ਿਆਦੀਆਂ ਹੋਣ ਦੀ ਸੰਭਾਵਨਾ ਬਣੀ ਰਹੇਗੀ। ਦਰਦੀ ਦੀਆਂ 'ਮੁਸਤਜ਼ਾਦ ਗ਼ਜ਼ਲਾਂ' ਦੇ ਕੁਝ ਸ਼ਿਅਰ ਆਪ ਦੀ ਨਜ਼ਰ ਕੀਤੇ ਜਾ ਰਹੇ ਹਨ–

ਟੈਲੀਫੂਨ ਜਦੋਂ ਦਾ ਲੱਗਿਆ, ਭੁੱਲਿਓਂ ਚਿੱਠੀ ਪਾਉਣੀ, ਦਰਦ ਵੰਡਾਉਣੀ,
ਲੇਕਿਨ ਯਾਰਾ ਹੁਣ ਮੈਂ ਕਿਸ ਨੂੰ, ਘੁੱਟ ਘੁੱਟ ਸੀਨੇ ਲਾਵਾਂ, ਮਨ ਪਰਚਾਵਾਂ।

ਲੰਡਨ, ਪੈਰਿਸ, ਅਮਰੀਕਾ ਵੀ, ਘੁੰਮ ਆਵੀਂ ਤੂੰ ਸਾਰੇ, ਯਾਰ ਪਿਆਰੇ,
ਐਪਰ ਤੈਨੂੰ ਕਿਤੋਂ ਨਾ ਮਿਲਣੀਆਂ,ਬੋਹੜਾਂ ਜਿਹੀਆਂ ਛਾਵਾਂ,ਸਕੀਆਂ ਮਾਵਾਂ।

ਦਰਦੀ ਦੇ ਉਪਰੋਕਤ ਸ਼ਿਅਰਾਂ ਵਾਲੀਆਂ ਗ਼ਜ਼ਲਾਂ ਵਿੱਚ ਇੱਕ ਹੋਰ ਖ਼ੂਬੀ ਇਹ ਵੀ ਹੈ ਕਿ ਇਹਨਾਂ ਦੇ ਹਰ ਇੱਕ ਸ਼ਿਅਰ ਵਿੱਚ ਇੱਕ-ਇੱਕ ਨਹੀਂ ਸਗੋਂ ਚਾਰ-ਚਾਰ ਕਾਫ਼ੀਏ ਬੰਨ੍ਹੇ

ਗਏ ਹਨ ਜੋ ਆਪਣੇ ਆਪ ਵਿੱਚ ਇੱਕ ਹੋਰ ਕਲਾਤਮਿਕ-ਕ੍ਰਿਸ਼ਮਾ ਹੈ।

ਦਰਦੀ ਕੇਵਲ ਸ਼ੌਕੀਆ ਤੌਰ 'ਤੇ ਹੀ ਨਹੀਂ ਕਲਮ ਚਲਾਈ ਜਾਂਦਾ ਸਗੋਂ ਉਹ ਕਲਮ ਦੇ ਪ੍ਰਯੋਗ ਅਤੇ ਤੌਫ਼ੀਕ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਤਾਂ ਹੀ ਤਾਂ ਲਿਖਦਾ ਹੈ-

ਭਾਵੇਂ ਕਿੰਨੀਂ ਦੂਰ ਮਿਜ਼ਾਈਲ ਵਾਰ ਕਰੇ,
ਪਰ ਇਹ ਕਲਮ ਤੋਂ ਵੱਧ ਕਰ ਸਕਦੀ ਵਾਰ ਨਹੀਂ।

ਦਰਦੀ ਸਮਾਜ ਵਿੱਚ ਫੈਲ ਰਹੀ ਨਿਰਮੋਹਪੁਣੇ ਦੀ ਲਹਿਰ ਨੂੰ ਬਹੁਤ ਬੁਰੀ ਤਰ੍ਹਾਂ ਮਹਿਸੂਸ ਕਰਦਾ ਹੈ। ਉਹ ਮਹਿਸੂਸਦਾ ਹੈ ਕਿ ਨਿੱਜੀ ਲਾਲਚ ਰਿਸ਼ਤਿਆਂ 'ਤੇ ਭਾਰੂ ਹੋ ਗਏ ਹਨ। ਅਪਣੱਤ ਦਾ ਅਹਿਸਾਸ ਤਾਂ ਪਤਾ ਨਹੀਂ ਖੰਭ ਲਾ ਕੇ ਹੀ ਕਿਤੇ ਉੱਡ ਗਿਆ ਹੈ। ਦਰਦੀ ਦੇ ਦਿਲ ਵਿੱਚ ਇਹ ਚੀਸ ਸਦਾ ਉੱਠਦੀ ਰਹਿੰਦੀ ਹੈ। ਖ਼ਾਸ ਕਰਕੇ ਆਪਣੇ ਦਾਦਾ ਜੀ ਨਾਲ ਤਾਂ ਦਰਦੀ ਬਹੁਤਾ ਹੀ ਮੋਹ ਕਰਦਾ ਹੈ। ਇਸੇ ਲਈ ਜਿਹੜੇ ਲੋਕ ਆਪਣੇ ਬਜੁਰਗਾਂ ਦੀ ਪ੍ਰਵਾਹ ਨਹੀਂ ਕਰਦੇ ਉਹ ਦਰਦੀ ਦੀ ਕਲਮ ਦੀ ਨਸ਼ਤਰ ਤੋਂ ਬਚ ਨਹੀਂ ਸਕਦੇ। ਉਹ ਲਿਖਦਾ ਹੈ-

ਭੁੱਖਾ-ਪਿਆਸਾ ਬਾਬਾ, ਨੁੱਕਰੇ ਪਿਐ ਤੁਹਾਡਾ,
ਪਾਣੀ ਪਿਲਾਉਣ ਵਾਲੇ! ਲੰਗਰ ਲਗਾਉਣ ਵਾਲੇ!

ਅਜੋਕੇ ਸਮਾਜ ਵਿੱਚ ਵਰਤ ਰਹੇ ਵਰਤਾਰਿਆਂ ਪ੍ਰਤੀ ਦਰਦੀ ਪੂਰੀ ਤਰ੍ਹਾਂ ਚੌਕਸ ਹੈ ਤੇ ਆਪਣੇ ਪਾਠਕਾਂ ਨੂੰ ਵੀ ਚੌਕਸ ਕਰਦਾ ਹੈ-

ਵੀਰ ਲੜਾਉਣੇ, ਪਾੜੇ ਪਾਉਣੇ, ਦੇਣੇ ਕਤਲ ਕਰਾ,
ਲੀਡਰ ਵੋਟਾਂ ਖ਼ਾਤਿਰ ਇਹ ਸਭ ਕਰਿਆ ਕਰਦੇ ਨੇ।

ਇੱਕ ਹੋਰ ਆਮ ਚੱਲ ਰਿਹਾ ਵਰਤਾਰਾ ਵੇਖੋ-

ਇਧਰ ਸਕੂਲੇ ਰੌਲਾ ਪੈਂਦਾ, ਕੁੜੀਆਂ ਖੇਡਦੀਆਂ।
ਓਧਰ ਵਿਹਲੀਆਂ ਬੈਠ ਸਵਾਟਰ, ਬੁਣਦੀਆਂ ਭੈਣਜੀਆਂ।

ਨਵੇਂ ਜ਼ਮਾਨੇ 'ਚ ਪੱਛਮੀ-ਦੇਸ਼ਾਂ ਤੋਂ ਹੁਦਾਰੇ ਲਏ ਨਵੇਂ ਸ਼ੌਕ ਇਸ ਨੌਂ-ਜਵਾਨ ਸ਼ਾਇਰ ਨੂੰ ਵੀ ਹਜ਼ਮ ਨਹੀਂ ਹੋ ਰਹੇ, ਤਾਂ ਕਿਤੇ ਕੋਈ ਗਰਬੜ ਤਾਂ ਹੋਵੇਗੀ ਹੀ ਨਾ-

ਤੂੰ ਤਾਂ ਪਟੇ ਕਰਾ ਲਏ, ਕਟਵਾ ਕੇ ਗੁੱਤ ਅਪਣੀ,
ਤੂੰ ਦੱਸ, ਕਿਸ ਦੀਆਂ ਹੁਣ, ਜੁਲਫ਼ਾਂ ਨੂੰ ਮੈਂ ਸਵਾਰਾਂ?

ਤੇ ਫਿਰ-

ਦਾਦੀ, ਨਾਨੀ ਦੀ ਬੁੱਕਲ ਵਿਚ ਸੌਣ ਲਈ ਲੜਨਾ,
ਕਿੱਥੇ ਰੁੱਤਾਂ ਉੱਡ ਗਈਆਂ ਉਹ ਬਾਤਾਂ ਪਾਉਣਦੀਆਂ।

ਹੁਣ ਤਾਂ ਬੱਚੇ ਟੀ. ਵੀ. 'ਤੇ ਆਪਣੀ ਆਪਣੀ ਪਸੰਦ ਦੇ ਚੈਨਲ ਲਾਉਣ ਤੋਂ ਲੜਦੇ ਨੇ-

ਘੁਣ ਦੇ ਵਾਂਗਰ ਟੀ. ਵੀ. ਚੈਨਲ, ਖਾ ਗਏ ਸਭਿਆਚਾਰ,
ਸੱਭਿਆਚਾਰਕ ਮੇਲੇ ਕਰਨ, ਅ-ਸੱਭਿਆਚਾਰਕ ਬਾਤ।

ਪਰ ਇਸ 'ਤੇ ਦਰਦੀ ਵਰਗੇ ਸੁਹਿਰਦ ਲੇਖਕ ਕੇਵਲ ਸੁੰਨ ਹੋ ਕੇ ਹੀ ਨਹੀਂ ਰਹਿ ਜਾਂਦੇ ਹਨ, ਸਗੋਂ ਉਹਨਾਂ ਨੂੰ ਮੂੰਹ ਤੋੜਵਾਂ ਉੱਤਰ ਦੇਣ ਦੇ ਉਪਰਾਲੇ ਕਰਦੇ ਹਨ-

ਤਾਕਤ ਹੈ ਤਾਂ ਕਰ ਲੈ ਜ਼ਾਲਿਮ, ਤੂੰ ਬਰਛੇ ਦਾ ਵਾਰ,
ਤੇਰੇ ਵਾਰ ਦਾ ਉੱਤਰ ਦੇਊ, ਮੇਰੀ ਕਲਮ-ਦਵਾਤ।

ਅੱਜ-ਕੱਲ੍ਹ ਡਾਲਰਾਂ ਦੇ ਲਾਲਚ ਵਿੱਚ ਮਾਪਿਆਂ ਰਾਹੀਂ ਆਪਣੇ ਬੱਚਿਆਂ ਦੇ ਬੇਜੋੜ ਰਿਸ਼ਤੇ ਆਮ ਤੌਰ 'ਤੇ ਹੀ ਜੋੜੀਂਦੇ ਵੇਖੇ ਜਾਂਦੇ ਹਨ ਪਰ ਲੋਭ-ਵੱਸ ਐਸੇ ਰਿਸ਼ਤਿਆਂ ਰਾਹੀਂ ਵੇਚੀਆਂ ਜਾ ਰਹੀਆਂ ਕੁੜੀਆਂ ਦੇ ਦਿਲ ਦੀ ਗੱਲ ਦਰਦੀ ਬੜੀ ਦਲੀਲ ਨਾਲ ਕਰਦਾ ਹੈ-

ਜੇ ਸਾਥੀ ਦਿਲ ਨੂੰ ਭਾਅ ਜਾਵੇ, ਤਾਂ ਕੁੱਲੀ ਵੀ ਬਣੇ ਜੰਨਤ,
ਜਿਨੂੰ ਵਰ ਹੀ ਨਹੀਂ ਭਾਇਆ, ਉਨ੍ਹੇ ਘਰ-ਬਾਰ ਕੀ ਕਰਨਾ।

ਦਰਦੀ ਆਪਣੀ ਸ਼ਾਇਰੀ ਵਿੱਚ ਆਪਣੀ ਜ਼ਿੰਦਗੀ ਦਾ ਮਕਸਦ ਤੇ ਮੈਨੀਫੈਸਟੋ ਵੀ ਕੁਝ ਇਸ ਤਰ੍ਹਾਂ ਪੇਸ਼ ਕਰਦਾ ਹੈ-

ਚੁਫੇਰੇ ਲਹਿ-ਲਹਾਵਾਂਗਾ, ਮੈਂ ਸਭ ਦੀ ਜ਼ਿੰਦਗੀ ਬਣਕੇ।
ਤੁਹਾਨੂੰ ਰਾਹ ਵਿਖਾਵਾਂਗਾ, ਮੈਂ ਲੋਕੋ! ਰੌਸ਼ਨੀ ਬਣਕੇ।

ਸਮਾਜ ਨੂੰ ਸਮਰਪਿਤ ਕੋਈ ਐਸਾ ਜਾਂਬਾਜ ਸ਼ਾਇਰ ਹੀ ਆਪਣੀ ਵਿਰਾਸਤ ਆਪਣੇ ਬੱਚਿਆਂ ਨੂੰ ਦੇ ਕੇ ਜਾਣ ਵਿੱਚ ਮਾਣ ਮਹਿਸੂਸ ਕਰ ਸਕਦਾ ਹੈ-

ਐ ਮੇਰੇ ਦੇਸ ਦੇ ਬੱਚਿਓ! ਤੁਸੀਂ ਹੀ ਆਸ ਹੋ ਸਾਡੀ,
ਭਵਿੱਖ ਸਾਡਾ ਤੁਹਾਡੇ ਆਉਣ ਵਾਲੇ ਕੱਲ੍ਹ 'ਚ ਸ਼ਾਮਿਲ ਹੈ।

ਐਸੀ ਸੁਲਝੀ ਹੋਈ ਸ਼ਾਇਰੀ ਅਤੇ ਐਸੀ ਸੁਹਿਰਦ ਸੋਚ ਤੇ ਮਾਲਿਕ ਆਪਣੇ ਸਾਹਿਤਕ-ਬੱਚੇ ਸਰਬਜੀਤ ਦਰਦੀ ਨੂੰ ਮੈਂ ਆਪਣੇ ਸਮਾਜ ਦੀ ਸੱਥ ਵਿੱਚ ਇੱਕ ਸਮਾਜ ਅਤੇ ਸਾਹਿਤ ਦੇ ਸੇਵਾਦਾਰ ਦੇ ਤੌਰ 'ਤੇ ਪੇਸ਼ ਕਰਦਿਆਂ ਮੈਂ ਅੱਜ ਬਾਗ-ਬਾਗ਼ ਹਾਂ। ਪ੍ਰਮਾਤਮਾ ਮੇਰੇ ਬੱਚੇ ਨੂੰ ਸ਼ਕਤੀ ਅਤੇ ਸੂਝ ਪਰਦਾਨ ਕਰੇ, ਮੁਆਸ਼ਰਾ ਇਸ ਦੀ ਸੇਵਾ ਦੀ ਕਦਰ ਪਾਵੇ ਤੇ ਇਹ ਕਾਮਯਾਬੀ ਦੀਆਂ ਬੁਲੰਦ ਮੰਜ਼ਿਲਾਂ ਨੂੰ ਸਰ ਕਰਦਾ ਹੋਇਆ ਸਦਾ ਅੱਗੇ ਤੋਂ ਅੱਗੇ ਵਧਦਾ ਨਜ਼ਰ ਆਵੇ।

ਅਮਰਜੀਤ ਸਿੰਘ ਸੰਧੂ
ਸੰਧੂ ਗ਼ਜ਼ਲ ਸਕੂਲ,
421-ਦਕੋਹਾ (ਜਲੰਧਰ)

21-07-2008

# ਦਰਦੀ ਹਾਜ਼ਿਰ ਹੈ

ਪਾਠਕਾਂ ਦੀ ਕਚਹਿਰੀ ਵਿੱਚ ਆਪਣਾ ਪਹਿਲਾ ਗ਼ਜ਼ਲ-ਸੰਗ੍ਰਹਿ 'ਉਡੀਕਾਂ' ਲੈ ਕੇ ਹਾਜ਼ਿਰ ਹੋ ਰਿਹਾ ਹਾਂ ਤੇ ਬਹੁਤ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ।

ਮੈਨੂੰ ਲਿਖਣ ਦੀ ਚੇਟਕ ਘਰ ਤੋਂ ਹੀ ਲੱਗੀ, ਹਾਲਾਂਕਿ ਘਰ ਵਿੱਚ ਕੋਈ ਵੀ ਲਿਖਦਾ ਤਾਂ ਨਹੀਂ ਸੀ ਪਰ ਮੇਰੇ ਦਾਦਾ ਜੀ ਆਪਣੀ ਰੋਜ਼ਾਨਾ ਦੀ ਡਾਇਰੀ ਲਿਖਦੇ ਹਨ। ਉਹਨਾਂ ਵੱਲ ਵੇਖ ਕੇ ਮੈਨੂੰ ਲਿਖਣ ਦੀ ਪ੍ਰੇਰਨਾ ਮਿਲੀ। ਪਹਿਲਾਂ ਪਹਿਲਾਂ ਮਿੱਨੀ ਕਹਾਣੀ ਲਿਖਦਾ ਹੁੰਦਾ ਸੀ ਤੇ ਜਦੋਂ ਵੀ ਕਿਤੇ ਸਾਹਿਤਕ ਪ੍ਰੋਗਰਾਮ ਵਿੱਚ ਜਾਣਾ ਤਾਂ ਸਭ ਨੇ ਗੀਤ, ਗ਼ਜ਼ਲ ਜਾਂ ਕਵਿਤਾ ਸੁਨਾਉਣੀ। ਮਿੱਨੀ ਕਹਾਣੀ ਸੁਨਾਉਣ ਵਾਲੇ ਦੋ-ਚਾਰ ਹੀ ਹੁੰਦੇ ਸਨ। ਮਿੱਨੀ ਕਹਾਣੀ ਸੁਨਾਉਣ ਨਾਲ ਉਹ ਗੱਲ ਨਹੀਂ ਸੀ ਬਣਦੀ ਜੋ ਗੀਤ, ਗ਼ਜ਼ਲ ਜਾਂ ਕਵਿਤਾ ਸੁਨਾਉਣ ਨਾਲ। ਫਿਰ ਮੈ ਵੀ ਗੀਤ, ਗ਼ਜ਼ਲ ਤੇ ਕਵਿਤਾ ਲਿਖਣੀ ਸ਼ੁਰੂ ਕੀਤੀ ਜੋ ਅਖ਼ਬਾਰਾਂ-ਰਸਾਲਿਆਂ ਵਿੱਚ ਛਪਣ ਲੱਗ ਪਈ। ਫਿਰ ਮੇਰੀ ਮੁਲਾਕਾਤ ਗ਼ਜ਼ਲਗੋ ਜਨਾਬ ਗੁਰਦੀਪ ਭਾਟੀਆ ਜੀ ਨਾਲ ਹੋਈ ਅਤੇ ਉਹਨਾਂ ਦੀ ਕਲੀਨਿਕ 'ਤੇ ਸ. ਅਮਰਜੀਤ ਸਿੰਘ ਸੰਧੂ, ਡਾ. ਜਸਵੰਤ ਬੇਗੋਵਾਲ, ਸ. ਨਰਿੰਦਰ ਮਾਨਵ, ਜਨਾਬ ਉਲਫ਼ਤ ਬਾਜਵਾ , ਸ. ਰਾਜਿੰਦਰ ਪ੍ਰਦੇਸੀ ਅਤੇ ਹੋਰ ਵੀ ਬਹੁਤ ਸਾਰੇ ਸ਼ਾਇਰ ਆਉਂਦੇ ਹੁੰਦੇ ਸਨ। ਉਹਨਾਂ ਨੇ ਆਪਸ ਵਿੱਚ ਸਾਹਿਤਕ ਵਿਚਾਰ-ਵਟਾਂਦਰਾ ਕਰਨਾ। ਉਹਨਾਂ ਨੂੰ ਭਾਟੀਆ ਸਾਹਿਬ ਨੇ ਦੱਸਿਆ ਕਿ ਇਹ ਮੁੰਡਾ ਵੀ ਲਿਖਦਾ ਹੈ। ਉਹਨਾਂ ਨੇ ਮੈਨੂੰ ਕੁਝ ਸੁਨਾਉਣ ਲਈ ਕਿਹਾ, ਮੈਂ ਉਹਨਾਂ ਨੂੰ ਆਪਣੀ ਛਪੀਆਂ ਹੋਇਆਂ ਗ਼ਜ਼ਲਾਂ ਸੁਣਾਈਆਂ ਤਾਂ ਉਹਨਾਂ ਨੇ ਸੁਣ ਕੇ ਕਿਹਾ, "ਦਰਦੀ, ਤੂੰ ਲਿਖ ਤਾਂ ਸਕਦਾ ਹੈਂ ਪਰ ਜੇ ਇਸੇ ਗ਼ਜ਼ਲਾਂ ਨੂੰ ਤੂੰ ਬਹਿਰ-ਵਜ਼ਨ ਮੁਤਾਬਕ ਲਿਖਿਆ ਹੁੰਦਾ ਤਾਂ ਸੋਨੇ 'ਤੇ ਸੁਹਾਗਾ ਹੋਣਾ ਸੀ। ਫਿਰ ਮੈਂ ਕੁਝ ਹੀ ਦਿਨਾਂ ਵਿੱਚ ਅਰੂਜ਼ ਦੀਆਂ ਕਿਤਾਬਾਂ ਲੈ ਕੇ ਪੜ੍ਹੀਆਂ ਪਰ ਕੁਝ ਵੀ ਪੱਲੇ ਨਾ ਪਿਆ। ਫਿਰ ਮੈਂ ਭਾਟੀਆ ਸਾਹਿਬ ਕੋਲ ਗਿਆ ਤੇ ਕਿਹਾ ਕਿ ਅਰੂਜ਼ ਦੀਆਂ ਕਿਤਾਬਾਂ ਤੋਂ ਤਾਂ ਕੁਝ ਵੀ ਪੱਲੇ ਨਹੀਂ ਪੈਂਦਾ। ਭਾਟੀਆ ਸਾਹਿਬ ਨੇ ਕਿਹਾ ਕਿ ਜੇ ਤੂੰ ਵਾਕਿਆ ਹੀ ਗ਼ਜ਼ਲ ਲਿਖਣੀ ਚਾਹੁੰਦਾ ਹੈਂ ਤਾਂ ਕਿਸੇ ਉਸਤਾਦ ਸ਼ਾਇਰ ਦੇ ਲੜ ਲੱਗ। ਤੇ ਉਹਨਾਂ ਨੇ ਮੈਨੂੰ ਸੰਧੂ ਜੀ ਕੋਲ ਭੇਜਿਆ। ਮੈਨੂੰ ਉਸਤਾਦ ਜੀ ਨੇ ਬਹਿਰ-ਵਜ਼ਨ ਬਾਰੇ ਏਨੇ ਸੌਖੇ ਤਰੀਕੇ ਨਾਲ ਸਮਝਾਇਆ ਕਿ ਜਿਸ ਅਰੂਜ਼ ਨੂੰ ਮੈਂ ਕਿਤਾਬਾਂ ਵਿੱਚੋਂ ਪੜ੍ਹ ਕੇ ਸਿਰ-ਖਪਾਈ ਸਮਝਦਾ ਸੀ, ਉਹ ਏਨਾਂ

ਆਸਾਨ ਸੀ ਕਿ ਮੈਂ ਕੁਝ ਹੀ ਦਿਨਾਂ ਵਿੱਚ ਬਹਿਰ-ਵਜ਼ਨ ਵਿੱਚ ਲਿਖਣ ਲੱਗ ਪਿਆ। ਮੈਂ ਅੱਜ ਜੋ ਕੁਝ ਵੀ ਹਾਂ, ਉਸਤਾਦ ਜੀ ਦੀ ਮਿਹਨਤ ਸਦਕਾ ਹੀ ਹਾਂ। ਜਿਵੇਂ ਕਿ ਮੇਰੇ ਸ਼ਿਅਰ ਹਨ-

ਗ਼ਜ਼ਲ ਮੇਰੀ ਦੇ ਵਿਚ ਪਰਪੱਕਤਾ ਆਈ ਹੈ, ਕਿਉਂਕਿ ਮੈਂ,
ਸਦਾ ਚੱਲਿਆ ਹਾਂ ਸੰਧੂ ਦੇ ਉਲੀਕੇ ਨਕਸ਼ਿਆਂ ਉੱਤੇ।

'ਸੰਧੂ' ਜੀ ਦਾ ਹੱਥ ਹੈ ਸਿਰ 'ਤੇ ਮੇਰੇ,
ਤਾਂ ਹੀ ਪਾਏਦਾਰ ਹੈ ਮੇਰੀ ਗ਼ਜ਼ਲ।

ਅਖੀਰ ਵਿੱਚ ਮੈਂ ਉਸਤਾਦ ਜੀ ਦਾ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਅਪਣੇ ਬੱਚਿਆਂ ਤੋਂ ਵੀ ਵੱਧ ਕੇ ਪਿਆਰ ਦਿੱਤਾ ਤੇ ਗ਼ਜ਼ਲ-ਵਿਧਾ ਤੇ ਬਹੁਤ ਮਿਹਨਤ ਕਰਵਾ ਕੇ ਮੈਨੂੰ ਜ਼ਿਕਰਯੋਗ ਗ਼ਜ਼ਲ ਲਿਖਣ ਦੇ ਕਾਬਿਲ ਬਣਾਇਆ। ਮੈਂ 'ਸੰਧੂ ਗ਼ਜ਼ਲ ਸਕੂਲ' ਸਬੰਧਰ ਆਪਣੇ ਗੁਰ-ਭਾਈਆਂ ਅਤੇ ਗੁਰ-ਭੈਣਾਂ ਦਾ ਵੀ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਮੈਨੂੰ ਪੂਰਾ ਸਹਿਯੋਗ ਦਿੱਤਾ।

ਮੈਂ ਆਪਣੇ ਸਾਰੇ ਪਰਿਵਾਰ ਦਾ ਵੀ ਧੰਨਵਾਦੀ ਹਾਂ ਜਿਹਨਾਂ ਨੇ ਹਰ ਸਮੇਂ ਪੂਰਾ ਪੂਰਾ ਸਹਿਯੋਗ ਅਤੇ ਹੌਸਲਾ-ਅਫ਼ਜ਼ਾਈ ਦਿੱਤੀ।

ਮੈਂ ਆਪਣਾ ਪਲੇਠਾ ਗ਼ਜ਼ਲ-ਸੰਗ੍ਰਹਿ 'ਉਡੀਕਾਂ' ਆਪਣੇ ਪਾਠਕਾਂ, ਉਸਤਾਦ ਸ਼ਾਇਰਾਂ ਅਤੇ ਆਲੋਚਕਾਂ ਦਿਆਂ ਕਰ-ਕਮਲਾਂ ਵਿੱਚ ਸਮਰਪਿਤ ਕਰਦਿਆਂ ਆਸ ਰੱਖਦਾ ਹਾਂ ਕਿ ਉਹ ਮੇਰੀ ਲਿਖਤ ਦੀਆਂ ਖ਼ੂਬੀਆਂ ਅਤੇ ਕਮੀਆਂ ਬਾਰੇ ਮੈਨੂੰ ਜਾਣੂ ਕਰਵਾਉਣ ਤਾਂ ਕਿ ਮੈਂ ਅੱਗੇ ਤੋਂ ਹੋਰ ਉੱਤਮ ਲਿਖਕੇ ਉਹਨਾਂ ਦੀ ਕਸੌਟੀ 'ਤੇ ਪੂਰਾ ਉੱਤਰ ਸਕਾਂ।

ਇਸੇ ਆਸ ਨਾਲ,

ਆਪ ਸਭ ਦਾ,

ਸਰਬਜੀਤ ਦਰਦੀ
ਫੋਨ. 98721-65589
98146-14988

## ਇੰਕ

ਆ ਜਾ ਕਿ ਦਿਲ ਬੇਜ਼ਾਰ ਨੂੰ ਤੇਰੀ ਉਡੀਕ ਹੈ।
ਆ ਜਾ ਤੇਰੇ ਦਿਲਦਾਰ ਨੂੰ ਤੇਰੀ ਉਡੀਕ ਹੈ।

ਕੀਤੇ ਸੀ ਤੂੰ ਜੋ ਕੌਲ, ਉਹ ਆ ਕੇ ਨਿਭਾਏਂਗਾ,
ਹਾਲੇ ਵੀ ਮੇਰੇ ਪਿਆਰ ਨੂੰ ਤੇਰੀ ਉਡੀਕ ਹੈ।

ਆ ਵੀ ਜਾ ਮੇਰੇ ਚੰਨ ਵੇ, ਕਰ ਲਈ ਬੜੀ ਉਡੀਕ,
ਕੋਠੇ ਖੜੀ ਮੁਟਿਆਰ ਨੂੰ ਤੇਰੀ ਉਡੀਕ ਹੈ।

ਦਰਬਾਰ ਲਾ ਕੇ ਬਹਿ ਗਿਐਂ ਦੁਨੀਆਂ 'ਚ ਬੰਦਿਆ,
ਜਮਰਾਜ ਦੇ ਦਰਬਾਰ ਨੂੰ ਤੇਰੀ ਉਡੀਕ ਹੈ।

ਸ਼ਾਦੀ ਰਚਾ ਕੇ ਤੁਰ ਗਿਆਂ ਤੂੰ ਤਾਂ ਵਲੈਤ ਨੂੰ,
ਸੱਜਰੀ ਵਿਆਹੀ ਨਾਰ ਨੂੰ ਤੇਰੀ ਉਡੀਕ ਹੈ।

ਹੁਣ ਆਖ਼ਿਰੀ ਸਾਹਾਂ 'ਤੇ ਹੈ 'ਦਰਦੀ' ਤੇਰਾ ਬਿਮਾਰ,
ਆ ਜਾ, ਤੇਰੇ ਬਿਮਾਰ ਨੂੰ ਤੇਰੀ ਉਡੀਕ ਹੈ।

ਤੇਰੇ ਬਿਨਾਂ ਫਿੱਕਾ ਪਿਐ ਮਹਿਫ਼ਿਲ ਦਾ ਰੰਗ-ਰੂਪ,
'ਦਰਦੀ' ਕਵੀ-ਦਰਬਾਰ ਨੂੰ ਤੇਰੀ ਉਡੀਕ ਹੈ।

✶

## (ਦੋ)

ਕੀਕਣ ਦੱਸਾਂ ਸੱਜਣਾ ਤੈਨੂੰ, ਕਿੰਨਾਂ ਤੈਨੂੰ ਚ੍ਹਾਵਾਂ।
ਮੈਂ ਕੋਈ ਹਨੂੰਮਾਨ ਨਹੀਂ ਜੋ, ਸੀਨਾ ਚੀਰ ਵਿਖਾਵਾਂ।

ਓਸ ਗਲੀ ਵਿਚ ਦਿਲਬਰ ਮੇਰਾ, ਓਸ ਗਲੀ ਵਿਚ ਜੰਨਤ,
ਓਸ ਗਲੀ ਵਿਚ ਸ਼ਾਮ ਸਵੇਰੇ, ਕਿਉਂ ਨਾ ਆਵਾਂ ਜਾਵਾਂ।

ਅਜ-ਕਲ੍ਹ ਬਹੁਤੇ ਆਸ਼ਿਕ ਮਿਲਦੇ ਸੀਨੇ 'ਤੇ ਹੱਥ ਧਰਕੇ,
ਜਿੰਦ ਤਲੀ 'ਤੇ ਧਰਕੇ ਮਿਲਦੈ ਕੋਈ ਟਾਵਾਂ ਟਾਵਾਂ।

ਉਹ ਕਹਿੰਦੇ ਨੇ ਭੁੱਲ ਨਾ ਜਾਵੀਂ ਡਾਇਰੀ ਵਿਚ ਤੂੰ ਲਿਖ ਲੈ,
ਕਿੰਝ ਭੁੱਲਾਂਗੇ ਸਜਣਾਂ ਦਿਲ ਵਿਚ ਲਿਖਿਆ ਜੋ ਸਿਰਨਾਵਾਂ।

ਨੇਤਾ ਵਾਂਗਰ ਵਾਅਦੇ ਕਰਕੇ ਭੁੱਲ-ਭੁਲਾ ਗਏ ਸੱਜਣ,
ਮੈਨੂੰ ਹਾਲੀ ਤੀਕ ਯਾਦ ਨੇ ਉਹ ਵਾਅਦੇ ਉਹ ਥਾਵਾਂ।

ਅਜ ਤਕ ਨਾ ਜੋ ਬਹੁੜੇ, ਉਹਨਾਂ ਉਸ ਵੇਲੇ ਕੀ ਆਉਣੈ,
ਜਦ ਅਰਥੀ ਨੂੰ ਮੋਢਾ ਦਿੱਤਾ ਰਲਕੇ ਚਾਰ ਭਰਾਵਾਂ।

ਜਦ ਉਹ ਸੱਜਣ 'ਹਾਂ' ਮੇਰੀ ਦਾ ਭਰਦਾ ਨਹੀਂ ਹੁੰਗਾਰਾ,
ਫਿਰ ਤੂੰ ਹੀ ਦਸ 'ਦਰਦੀ' ਦਿਲ ਦੀ ਬਾਤ ਮੈਂ ਕਿੱਦਾਂ ਪਾਵਾਂ।

✶

## (ਤਿੰਨ)

ਸੱਚੇ ਨੂੰ ਹੁੰਦਾ ਕਿਸੇ ਦਾ ਡਰ ਨਹੀਂ।
ਸੱਚ ਪਰ ਹੁੰਦਾ ਕਿਸੇ ਤੋਂ ਜਰ ਨਹੀਂ।

ਡਰਦੇ ਰਹਿੰਦੇ ਨੇ ਉਹ ਹਰ ਇਕ ਚੀਜ਼ ਤੋਂ,
ਰੱਬ ਦਾ ਹੁੰਦਾ ਜਿਨ੍ਹਾਂ ਨੂੰ ਡਰ ਨਹੀਂ।

ਅਪਣੀ ਮੰਜ਼ਿਲ ਦੀ ਕਰੋ ਆਪੇ ਤਲਾਸ਼,
ਰਾਹਗੀਰੋ! ਮੈਂ ਕੋਈ ਰਹਿਬਰ ਨਹੀਂ।

ਬਿਫ਼ਰੀ ਫਿਰਦੀ ਹੈ ਜੋ ਗੀਤਾਂ ਦੀ ਝਨਾਂ,
ਇਹ ਝਨਾਂ ਸੋਹਣੀ ਤੋਂ ਹੋਣੀ ਤਰ ਨਹੀਂ।

ਬਾਤ ਸਾਰੀ ਰਾਤ ਮੈਂ ਪਾਉਂਦਾ ਰਿਹਾ,
ਤੈਥੋਂ ਕਿਉਂ ਹੋਇਆ ਹੁੰਗਾਰਾ ਭਰ ਨਹੀਂ।

ਮੇਰੇ ਵਿਚ ਕਿੱਦਾਂ ਸਮਾਵੇਗੀ ਨਦੀ,
ਮੈਂ ਤਾਂ ਖ਼ੁਦ ਕਤਰਾ ਹਾਂ, ਮੈਂ ਸਾਗਰ ਨਹੀਂ।

ਯਾਰ ਤੇਰੇ ਦਿਲ 'ਚ ਕੋਈ ਰੋਸ ਹੈ,
ਜੋ ਕਦੇ 'ਦਰਦੀ' ਦੇ ਆਇਆ ਘਰ ਨਹੀਂ।

✶

## (ਚਾਰ)

ਮੈਂ ਦੁਨੀਆਂ ਵਿਚ ਬਣੇ ਹੋਏ, ਕਈ ਭਗਵਾਨ ਵੇਖੇ ਨੇ।
ਉਨ੍ਹਾਂ ਦੇ ਚਿਹਰਿਆਂ ਪਿੱਛੇ ਲੁਕੇ ਸ਼ੈਤਾਨ ਵੇਖੇ ਨੇ।

ਲਹੂ ਦੀ ਵਰਖਾ ਹਰ ਪਾਸੇ, ਕੇਹਾ ਇਹ ਦੌਰ ਹੈ ਰੱਬਾ,
ਮੈਂ ਹਰ ਵਿਹੜੇ ਦੇ ਅੰਦਰ ਧੁੱਖ ਰਹੇ ਸਮਸ਼ਾਨ ਵੇਖੇ ਨੇ।

ਤਜੌਰੀ ਵਿਚ ਮਸੂਮਾਂ ਦਾ ਲਹੂ ਜਿੰਨ੍ਹਾਂ ਨੇ ਬੰਦ ਕੀਤੈ,
ਮੈਂ ਦੁਨੀਆਂ ਵਿਚ ਕਈ ਇਹੋ ਜਿਹੇ ਧਨਵਾਨ ਵੇਖੇ ਨੇ।

ਤੁਹਾਡੀ ਦੁਸ਼ਮਣੀ ਇਕ ਲਹਿਰ ਤੋਂ ਵੱਧ ਕੁਝ ਨਹੀਂ ਯਾਰੋ,
ਅਸੀਂ ਤਾਂ ਜ਼ਿੰਦਗੀ ਦੇ ਵਿਚ ਕਈ ਤੂਫ਼ਾਨ ਵੇਖੇ ਨੇ।

ਇਹ ਦੁਨੀਆਂ ਇਕ ਸਰਾਂ ਹੈ, ਕੌਣ ਟਿਕਦਾ ਹੈ ਸਦਾ ਏਥੇ,
ਇਧਰ ਸਭ ਆਉਣ ਵਾਲੇ ਰਾਤ ਦੇ ਮਹਿਮਾਨ ਵੇਖੇ ਨੇ।

ਜਦੋਂ ਦਾ ਵੇਖਿਆ ਮਹਿਬੂਬ ਨੂੰ ਫਿਰਦਾ ਰਕੀਬਾਂ ਨਾਲ,
ਉਦੋਂ ਦੇ ਸੜ ਰਹੇ ਮੈਂ ਆਪਣੇ ਅਰਮਾਨ ਵੇਖੇ ਨੇ।

ਤੂੰ ਭੋਲੇ ਵੇਖਕੇ ਚਿਹਰੇ, ਦਿਲਾ ਗੱਲਾਂ 'ਚ ਨਾ ਆਵੀਂ,
ਮੈਂ ਭੋਲੇ ਚਿਹਰਿਆਂ ਪਿੱਛੇ ਲੁਕੇ ਸ਼ੈਤਾਨ ਵੇਖੇ ਨੇ।

ਤੁਸੀਂ ਧਨਵਾਨ ਹੋ, 'ਦਰਦੀ' ਜੇ ਨਿਰਧਨ ਹੈ ਤਾਂ ਫਿਰ ਕੀ ਹੈ,
ਮੈਂ ਮਿਲਦੇ ਰੋਜ਼ ਹੀ ਧਰਤੀ ਅਤੇ ਅਸਮਾਨ ਵੇਖੇ ਨੇ।

✶

## (ਪੰਜ)

ਜ਼ਿੰਦਗੀ ਮੇਰੀ ਦੀ ਇਹ ਹੈ ਘਾਲਣਾ।
ਸਿੱਖਿਆ ਮੈਂ ਕੌਲ ਕੀਤਾ ਪਾਲਣਾ।

ਬੈਠ ਕੇ ਕਰ ਲੈ ਤੂੰ ਗੱਲਾਂ ਦੋ ਘੜੀ,
ਫੇਰ ਮੈਂ ਲੱਭਣਾ ਨਹੀਂ, ਤੂੰ ਭਾਲਣਾ।

ਜਾਂ ਤਾਂ ਕਰ ਇਕਰਾਰ ਜਾਂ ਇਨਕਾਰ ਕਰ,
ਸੱਜਣਾ ਤੂੰ ਛੱਡ ਮੈਨੂੰ ਟਾਲਣਾ।

ਲੋਹੇ ਨੂੰ ਢਾਲੀਦਾ ਜਿੱਦਾਂ ਅੱਗ ਨਾਲ,
ਇਸ਼ਕ ਨੇ ਏਦਾਂ ਹੈ ਤੈਨੂੰ ਢਾਲਣਾ।

ਸ਼ਾਮ ਵੇਲੇ ਨਾ ਮੁੜੇ ਪੰਛੀ ਜਦੋਂ,
ਵੇਖ ਕੇ ਰੋਇਆ ਬੜਾ ਸੀ ਆਲ੍ਹਣਾ।

ਰੁੱਖ ਜੋ ਵੱਢਿਆ ਹੈ ਰੱਖੀ ਸਾਂਭ ਕੇ,
ਮਰ ਗਿਆ 'ਦਰਦੀ' ਤਾਂ ਉਸ ਨੂੰ ਬਾਲਣਾ।

✶

## (ਛੇ)

ਤੇਰੇ ਤੁਰ ਜਾਣ ਦੇ ਮਗਰੋਂ ਜੋ ਗ਼ਜ਼ਲਾਂ ਵਿਚ ਸਜਾਏ ਨੇ।
ਇਹ ਗ਼ਮ ਹੌਕੇ ਤੇ ਪੀੜਾਂ ਹੀ ਮੇਰੇ ਹਿੱਸੇ 'ਚ ਆਏ ਨੇ।

ਨਾ ਇਹਨਾਂ ਦਾ ਉਪਾਅ ਕੋਈ, ਨਾ ਇਹਨਾਂ ਦੀ ਦਵਾ ਕੋਈ,
ਕਿਹੋ ਜਿਹੇ ਮੇਰਿਆਂ ਸਜਣਾ! ਅਵੱਲੇ ਰੋਗ ਲਾਏ ਨੇ।

ਜਿਨ੍ਹਾਂ ਦੇ ਵਾਸਤੇ ਘਰ ਬਾਰ ਛੱਡਿਆ ਸੀ, ਮੇਰੇ ਰੱਬਾ!
ਉਹੀ ਅਜ ਬੇਵਫ਼ਾ ਨਿਕਲੇ, ਉਹੀ ਅਜ-ਕੱਲ੍ਹ ਪਰਾਏ ਨੇ।

ਕਦੋਂ ਦੇ ਭੁੱਲ ਗਏ ਹੋਣੇ ਨੇ ਉਹ ਤਾਂ ਬੇਵਫ਼ਾ ਸੱਜਣ,
ਜਿਨਾਂ ਦੀ ਯਾਦ ਦੇ ਪੰਛੀ ਅਸਾਂ ਦਿਲ ਵਿਚ ਵਸਾਏ ਨੇ।

ਉਦੋਂ ਦੀ ਬੀਤਦੀ ਕੀ ਹੈ ਮੇਰੇ ਦਿਲ 'ਤੇ, ਇਹ ਨਾ ਪੁੱਛੋ,
ਰਕੀਬਾਂ ਸੰਗ ਮੇਰੇ ਸੱਜਣ ਜਦੋਂ ਦੇ ਮੁਸਕਰਾਏ ਨੇ।

ਜਿਨ੍ਹਾਂ ਕੱਖਾਂ ਦੇ ਵਾਂਗੂੰ ਰੋਲਿਆ 'ਦਰਦੀ' ਨੂੰ ਐ ਰੱਬਾ,
ਉਹੋ ਈ ਬੇਵਫ਼ਾ ਸੱਜਣ ਹਮੇਸ਼ਾ ਯਾਦ ਆਏ ਨੇ।

✶

## (ਸੱਤ)

ਮੇਰੇ ਸੁਪਨੇ 'ਚ ਰਾਤੀਂ ਆ ਕੇ ਮੈਨੂੰ ਨਾ ਸਤਾਇਆ ਕਰ।
ਦਿਲੋਂ ਚਾਹੁੰਦਾ ਹੈਂ ਜੇ ਮੈਨੂੰ, ਤਾਂ ਚਲ ਕੇ ਆਪ ਆਇਆ ਕਰ।

ਜੇ ਤੂੰ ਵਾਅਦੇ 'ਤੇ ਆਉਣਾ ਹੀ ਨਹੀਂ ਹੁੰਦਾ ਮੇਰੇ ਸਜਣਾ,
ਤਾਂ ਐਵੇਂ ਰੋਜ਼ ਹੀ ਤੂੰ ਝੂਠੀਆਂ ਕਸਮਾਂ ਨਾ ਖਾਇਆ ਕਰ।

ਜਾ ਉਡ ਜਾ ਤੂੰ ਬਨੇਰੇ ਤੋਂ, ਨਾ ਐਵੇਂ ਰੌਲਾ ਪਾ ਕਾਵਾਂ,
ਜੇ ਆਉਣਾ ਹੈ ਤਾਂ ਸੱਜਣ ਦਾ ਸੁਨੇਹਾ ਲੈ ਕੇ ਆਇਆ ਕਰ।

ਉਡੀਕਾਂ ਰੋਜ਼ ਹੀ ਕਾਸਦ ਨੂੰ ਮੈਂ ਖੜ੍ਹ ਖੜ੍ਹ ਕੇ ਦਰ ਅੱਗੇ,
ਕਦੇ ਤਾਂ ਸੱਜਣਾ ਕੋਈ ਸੁਖ ਸੁਨੇਹਾ ਤੂੰ ਘਲਾਇਆ ਕਰ।

ਐ ਮੇਰੇ ਦਿਲ! ਉਨ੍ਹਾਂ ਨੂੰ ਪਿਆਰ ਦੀ ਜਦ ਸਾਰ ਨਹੀਂ ਕੋਈ,
ਤਾਂ ਉਹਨਾਂ ਕੋਲ ਜਾ ਜਾ ਕੇ ਮੁਹੱਬਤ ਨਾ ਜਤਾਇਆ ਕਰ।

ਹਨੇਰਾ ਚੀਰ ਕੇ ਹਰ ਹਾਲ ਆਵੇਗਾ ਤੇਰਾ 'ਦਰਦੀ'
ਮੇਰੇ 'ਤੇ ਕਰ ਯਕੀਨ ਐਵੇਂ ਨਾ ਤੂੰ ਦਿਲ ਨੂੰ ਡੁਲਾਇਆ ਕਰ।

✶

## (ਅੱਠ)

ਮੈਂ ਜਦ ਵੀ ਮਿੱਤਰਾਂ ਤੋਂ ਪੁੱਛੇ ਫੁੱਲਾਂ ਦੇ ਸਿਰਨਾਵੇਂ।
ਅੱਗੋਂ ਉਹਨਾਂ ਦੱਸੇ ਮੈਨੂੰ ਕੰਡਿਆਂ ਦੇ ਸਿਰਨਾਵੇਂ।

ਪਾੜ ਹੀ ਦੇਣੇ ਮੈਂ ਅਜ ਉਹਨਾਂ ਯਾਰਾਂ ਦੇ ਸਿਰਨਾਵੇਂ।
ਮਤਲਬਖ਼ੋਰ ਤੇ ਧੋਖੇਬਾਜ਼ ਮਕਾਰਾਂ ਦੇ ਸਿਰਨਾਵੇਂ।

ਤੂੰ ਤਾਂ ਦਿਲੋਂ ਭੁਲਾ ਦਿੱਤੇ ਨੇ, ਯਾਦ ਅਜੇ ਨੇ ਮੈਨੂੰ,
ਤੇਰੇ ਮੇਰੇ ਮਿਲਣ ਵਾਲੀਆਂ ਥਾਵਾਂ ਦੇ ਸਿਰਨਾਵੇਂ।

ਨਾਲ ਰਕੀਬਾਂ ਫਿਰਦੇ ਨੇ ਜੋ, ਬਦਲਣ ਮੌਸਮ ਵਾਂਗੂੰ,
ਕੀ ਕਰਨੇ ਹਨ ਗਿਰਗਟ ਵਰਗੇ ਯਾਰਾਂ ਦੇ ਸਿਰਨਾਵੇਂ।

ਲੰਡਨ, ਪੈਰਿਸ, ਅਮਰੀਕਾ ਉਹ ਘੁੰਮ ਆਇਐ ਹੈ ਲੇਕਿਨ,
ਉਸ ਨੂੰ ਕਿਤੋਂ ਨਾ ਲੱਭੇ ਪਿੰਡ ਦੀਆਂ ਸੱਥਾਂ ਦੇ ਸਿਰਨਾਵੇਂ।

ਜਿਸ ਦੀ ਲਿਖਤ ਨਸਰ ਦਾ ਵੀ ਨਾ ਪੂਰਾ ਕਰੇ ਤਕਾਜ਼ਾ,
ਉਹ ਵੀ ਦਸਦਾ ਫਿਰਦੈ ਗੀਤਾਂ, ਗ਼ਜ਼ਲਾਂ ਦੇ ਸਿਰਨਾਵੇਂ।

ਪੁੱਛ ਉਨ੍ਹਾਂ ਤੋਂ ਜਾ ਕੇ 'ਦਰਦੀ' ਘਰ ਜਿਹਨਾਂ ਦੇ ਚੋਵਣ,
ਕਿੰਜ ਪੁੱਛੀਦੇ ਗੜ੍ਹ-ਗੜ੍ਹ ਕਰਦੇ ਬਦਲਾਂ ਦੇ ਸਿਰਨਾਵੇਂ।

ਦਿੰਦੈ ਸੀ ਤੂੰ ਜਾਨ ਜਿਨ੍ਹਾਂ 'ਤੇ ਭੁਲ ਬੈਠੇ ਉਹ ਤੈਨੂੰ,
ਤੂੰ ਵੀ ਦਿਲੋਂ ਮਿਟਾ ਦੇ 'ਦਰਦੀ' ਉਹਨਾਂ ਦੇ ਸਿਰਨਾਵੇਂ।

✶

**(ਨੌਂ)**

ਦਿੰਦੈ ਜੋ ਦਰਦ ਮੈਨੂੰ, ਉਸ ਯਾਰ ਦੇ ਮੈਂ ਸਦਕੇ।
ਦਿਲ ਤੋੜ ਕੇ ਜੋ ਹੱਸਦੈ, ਦਿਲਦਾਰ ਦੇ ਮੈਂ ਸਦਕੇ।

ਅਣਭੋਲ ਦਿਲ 'ਤੇ ਜੋ ਸੀ, ਅੱਖੀਆਂ ਦਾ ਵਾਰ ਹੋਇਆ,
ਭੁਲਦਾ ਨਹੀਂ ਭੁਲਾਇਆਂ, ਉਸ ਵਾਰ ਦੇ ਮੈਂ ਸਦਕੇ।

ਨੈਣਾਂ ਦਾ ਜ਼ਖ਼ਮੀ ਹੋਇਆ, ਮੰਗਦਾ ਨਹੀਂ ਏ ਪਾਣੀ,
ਐਸੇ ਜੋ ਵਾਰ ਕਰਦੀ, ਤਲਵਾਰ ਦੇ ਮੈਂ ਸਦਕੇ।

ਮੁਖ ਤੋਂ ਉਦਾਸੀ ਉੱਡੀ, ਖ਼ੁਸ਼ੀਆਂ ਲਿਆਈ ਵਾਪਸ,
ਮੁਖੜੇ ਤੇਰੇ 'ਤੇ ਮਹਿਕੀ, ਗੁਲਜ਼ਾਰ ਦੇ ਮੈਂ ਸਦਕੇ।

ਛੱਤ ਉੱਤੇ ਜਦ ਸੀ ਚੜ੍ਹਿਆ, ਮਹਿਬੂਬ ਨ੍ਹਾ ਕੇ ਮੇਰਾ,
ਹੋਇਆ ਉਦੋਂ ਜੋ ਮੈਨੂੰ, ਦੀਦਾਰ ਦੇ ਮੈਂ ਸਦਕੇ।

ਤਰਕੇ ਘੜੇ 'ਤੇ ਆਉਂਦੈ, ਕੱਚਾ ਨਾ ਵੇਖਦਾ ਜੋ,
ਮਰਕੇ ਵੀ ਜੋ ਨਿਭਾਉਂਦੈ, ਉਸ ਪਿਆਰ ਦੇ ਮੈਂ ਸਦਕੇ।

ਪਥਰਾਂ ਨੂੰ ਚੀਰਦੈ ਜੋ, ਮਹਿਬੂਬ ਆਪਣੇ ਖ਼ਾਤਿਰ,
ਲੱਖਾਂ ਹੀ ਵਾਰ ਜਾਵਾਂ, ਉਸ ਪਿਆਰ ਦੇ ਮੈਂ ਸਦਕੇ।

ਛੱਡ ਕੇ ਜੋ ਤੁਰ ਗਿਆ ਹੈ, ਮੁੜ ਕੇ ਨਾ ਵੇਖਿਆ ਫਿਰ,
ਕੀਤਾ ਨਾ ਯਾਦ ਜਿਸਨੇ, ਉਸ ਯਾਰ ਦੇ ਮੈਂ ਸਦਕੇ।

ਸਭ ਦੇ ਦਿਲਾਂ 'ਚ ਪਹੁੰਚੇ 'ਦਰਦੀ' ਜੋ ਬਣਕੇ ਉਲਫ਼ਤ,
ਸ਼ਿਅਰਾਂ ਦੇ ਵਿਚ ਸਮਾਈ, ਮਹਿਕਾਰ ਦੇ ਮੈਂ ਸਦਕੇ।

✶

## (ਦਸ)

ਕਿਵੇਂ ਚੰਨ ਈਦ ਦਾ ਚੜ੍ਹਦੈ, ਵਿਖਾ ਜਾਂਦੇ ਤਾਂ ਚੰਗਾ ਸੀ।
ਜ਼ਰਾ ਪਰਦਾ ਤੁਸੀਂ ਮੁਖ ਤੋਂ, ਉਠਾ ਜਾਂਦੇ ਤਾਂ ਚੰਗਾ ਸੀ।

ਬੜੇ ਚਿਰ ਤੋਂ ਉਡੀਕਾਂ ਮੈਂ, ਕਿ ਅਜ ਆਏ ਕਿ ਕੱਲ੍ਹ ਆਏ,
ਤੁਸੀਂ ਜੋ ਕੌਲ ਕੀਤੇ ਸੀ, ਪੁਗਾ ਜਾਂਦੇ ਤਾਂ ਚੰਗਾ ਸੀ।

ਬੜਾ ਚਿਰ ਹੋ ਗਿਐ ਸੱਜਣ ਜੀ, ਦੁਖ ਸੁਖ ਫੋਲਿਆਂ ਅਪਣਾ,
ਮੇਰੀ ਸੁਣਦੇ ਕੋਈ ਅਪਣੀ, ਸੁਣਾ ਜਾਂਦੇ ਤਾਂ ਚੰਗਾ ਸੀ।

ਬੜਾ ਪਿਆਸਾ ਹੈ ਦਿਲ ਮੇਰਾ, ਤੁਹਾਡੇ ਪਿਆਰ ਨੂੰ ਤਰਸੇ,
ਤੁਸੀਂ ਆ ਕੇ ਗਲੇ ਮੈਨੂੰ, ਲਗਾ ਜਾਂਦੇ ਤਾਂ ਚੰਗਾ ਸੀ।

ਇਹ ਦਿਲ, ਜੋ ਮਰੂਥਲ ਵਾਂਗੂੰ, ਤੁਹਾਡੀ ਦੀਦ ਨੂੰ ਤਪਦੈ,
ਤੁਸੀਂ ਦਿਲ ਨੂੰ ਲਗਾ ਠੰਡਕ, ਪੁਚਾ ਜਾਂਦੇ ਤਾਂ ਚੰਗਾ ਸੀ।

'ਸਮਾਂ ਹੁਣ ਆ ਗਿਆ ਤੇਰਾ', ਇਹ 'ਦਰਦੀ' ਕਹਿ ਗਿਆ ਜਮਰਾਜ,
ਤੁਸੀਂ ਹੁਣ ਆਖ਼ਰੀ ਵਾਰੀ, ਜੇ ਆ ਜਾਂਦੇ ਤਾਂ ਚੰਗਾ ਸੀ।

✶

## (ਗਿਆਰਾਂ)

ਵੇਖਕੇ ਮੈਨੂੰ ਹੈ ਜੋ ਮੁਸਕਾ ਗਈ।
ਛਾ ਗਈ, ਉਹ ਦਿਲ ਮੇਰੇ 'ਤੇ ਛਾ ਗਈ।

ਮੈਨੂੰ ਵੀ ਸੁਕਣੇ ਹੈ ਪਾ ਦਿੱਤਾ ਉਨ੍ਹੇ,
ਕੋਠੇ ਤੇ ਸੁਕਣੀ ਜੋ ਚੁੰਨੀ ਪਾ ਗਈ।

ਛੇੜ 'ਤੀ ਹਲਚਲ ਮੇਰੇ ਦਿਲ ਵਿਚ ਉਨ੍ਹੇ,
ਜਾਂਦਿਆਂ ਵੰਗਾਂ ਨੂੰ ਜੋ ਛਣਕਾ ਗਈ।

ਮੇਰੀਆਂ ਅਖੀਆਂ ਦੀ ਚੁਰਾਈ ਨੀਂਦ ਉਸ,
ਚੰਨ ਵਰਗਾ ਮੁਖੜਾ ਜੋ ਦਿਖਲਾ ਗਈ।

ਦੋਸ਼ ਕੀ ਦੇਵਾਂ ਮੈਂ ਦੱਸੋ ਉਸ ਨੂੰ,
ਜਦ ਮੇਰੀ ਕਿਸਮਤ ਹੀ ਧੋਖਾ ਖਾ ਗਈ।

ਮੈਂ ਰਕੀਬਾਂ ਨਾਲ ਉਸ ਨੂੰ ਵੇਖਿਆ,
ਵੇਖ ਕੇ ਮੈਨੂੰ ਉਹ ਝੱਟ ਘਬਰਾ ਗਈ।

ਟਹਿਕਦੀ ਵੇਖੀ ਸੀ ਜੋ ਬੂਟੇ 'ਤੇ ਕੱਲ੍ਹ,
ਉਹ ਕਲੀ ਅਜ ਕਿਸ ਤਰ੍ਹਾਂ ਮੁਰਝਾ ਗਈ।

ਵੈਦ ਸਭ ਹੁਣ ਥੱਕ ਗਏ ਕਰ ਕੇ ਇਲਾਜ,
ਰੋਗ ਉਹ ਐਸਾ ਅਵੱਲਾ ਲਾ ਗਈ।

ਜਿਸ ਤੋਂ 'ਦਰਦੀ' ਰੋਗ ਦਿਲ ਦਾ ਲੱਗਿਆ,
ਓਹੀ ਦਿਲ ਦਾ ਹਾਲ ਪੁੱਛਣ ਆ ਗਈ।

✶

## (ਬਾਰਾਂ)

ਤੇਰੇ ਬਾਝੋਂ ਸੱਜਣਾ ਮੈਂ ਜ਼ਿੰਦਗੀ ਨੂੰ ਕੀ ਕਰਾਂ।
ਤੂੰ ਹੀ ਮੈਨੂੰ ਦੱਸ ਜੀਵਾਂ ਜ਼ਿੰਦਗੀ ਮੈਂ ਕਿੱਸਰਾਂ।

ਵੇਖਕੇ ਅੱਖੀਂ ਤਾਂ ਮੱਖੀ ਖਾ ਨਹੀਂ ਹੁੰਦੀ ਕਦੇ,
ਮੈਂ ਰਕੀਬਾਂ ਨਾਲ ਤੈਨੂੰ ਵੇਖ ਕੇ ਕਿੱਦਾਂ ਜਰਾਂ।

ਤੂੰ ਬਹਾਨਾ ਪਾਉਂਦਾ ਹੈਂ ਕਿ ਮੇਰੇ ਘਰ ਦਾ ਨਹੀਂ ਪਤਾ,
ਖੋਲ੍ਹ ਕਾਪੀ ਲਿਖ ਤੂੰ ਸੱਜਣਾ, 'ਕੋਟਲੀ' ਮੇਰਾ ਗਰਾਂ।

ਲੁਟ ਲਿਆ ਮਾਲੀ ਨੇ ਜਦ ਸਾਰੇ ਦਾ ਸਾਰਾ ਆਪ ਹੀ,
ਬਾਗ ਸੁਕਣਾ ਹੀ ਸੀ ਫਿਰ ਰਹਿੰਦਾ ਹਰਾ ਉਹ ਕਿੱਸਰਾਂ?

ਕਹਿ ਰਿਹਾ ਹੁਣ ਯਾਰ ਮੈਨੂੰ ਮਰ ਪਰੇ, ਮਗਰੋਂ ਵੀ ਲਹਿ,
ਉਹ ਹੈ ਮੇਰੀ ਜਾਨ ਉਸਦੇ ਹੁੰਦਿਆਂ ਕਿੱਦਾਂ ਮਰਾਂ?

ਹੋ ਗਈ ਤੇਰੇ ਬਿਨਾਂ ਹੁਣ ਜ਼ਿੰਦਗੀ 'ਦਰਦੀ' ਬੇਰੰਗ,
ਕਿੰਝ ਤੇਰੇ ਬਿਨ ਮੈਂ ਬੇਰੰਗ ਜ਼ਿੰਦਗੀ ਵਿਚ ਰੰਗ ਭਰਾਂ।

✶

## (ਤੇਰਾਂ)

## (ਚੌਂ ਕਾ.ਫੀਆ ਮੁਸਤਜ਼ਾਦ .ਗਜ਼ਲ)

ਜੀਅ ਕਰਦਾ ਹੈ ਸਜਣਾਂ ਉਡ ਕੇ, ਤੇਰੇ ਕੋਲ ਮੈਂ ਆਵਾਂ, ਸੀਨੇ ਲਾਵਾਂ।
ਪਰ ਮੈਨੂੰ ਤਾਂ ਪਤਾ ਨਈਂ ਹੈ ਯਾਰ, ਤੇਰਾ ਸਿਰਨਾਵਾਂ, ਕਿੱਧਰ ਜਾਵਾਂ।

ਜ਼ਿੰਦਗਾਨੀ ਦਾ ਕੀ ਭਰਵਾਸਾ, ਅਜ ਦੀ ਹੈ ਜਾਂ ਕੱਲ੍ਹ ਦੀ, ਜਾਂ ਦੋ ਪਲ ਦੀ,
ਸਭ ਕੁੱਝ ਛੱਡ-ਛਡਾ ਕੇ ਆ ਜਾ, ਤੈਨੂੰ ਹਾਲ ਸੁਣਾਵਾਂ, ਸੀਨੇ ਲਾਵਾਂ।

ਧੌਲਾ ਝਾਟਾ ਹੋਇਆ ਮੇਰਾ, ਹੁਣ ਤਾਂ ਯਾਰਾ ਆ ਜਾ, ਪਿਆਸ ਬੁਝਾ ਜਾ,
ਉਸ ਵੇਲੇ ਤੂੰ ਆਉਣਾ ਹੈ ਜਦ, ਚੁਕਿਆ ਚਾਰ ਭਰਾਵਾਂ, ਜਦ ਮਰ ਜਾਵਾਂ।

ਭੁਲ ਗਿਉਂ ਚਾਹੇ ਅਜ ਤੂੰ ਸਜਣਾ, ਯਾਦ ਅਜੇ ਨੇ ਮੈਨੂੰ, ਦੱਸਾਂ ਤੈਨੂੰ,
ਜਿਸ ਦੇ ਥੱਲੇ ਮਿਲ ਬਹਿੰਦੇ ਸੀ, ਬੋਹੜ ਦੀਆਂ ਉਹ ਛਾਵਾਂ, ਮਿੱਠੀਆਂ ਥਾਵਾਂ।

ਇਕ ਗ਼ਲਤੀ ਤੂੰ ਕੀਤੀ, ਦਿਲ ਸੀ ਕੀਚਰ ਕੀਚਰ ਹੋਇਆ, ਨਾਲੇ ਰੋਇਆ,
ਹੁਣ ਵੀ ਨਈਂ ਤੂੰ ਮੰਨਦਾ, ਮਿਲੀਆਂ ਕਿੰਨੀਆਂ ਸਖ਼ਤ ਸਜਾਵਾਂ, ਕਿੰਝ ਸਮਝਾਵਾਂ।

ਜਿਸ ਦਿਨ ਦਾ ਹੈ ਤਕਿਆ ਉਸ ਨੂੰ, ਸੁਪਨੇ ਵਿਚ ਹੈ ਆਉਂਦੀ, ਬਹੁਤ ਸਤਾਉਂਦੀ,
ਰੰਗ ਗੁਲਾਬੀ ਉਹਦਾ ਯਾਰੋ ਤਿੱਖੀਆਂ ਸ਼ੋਖ਼ ਅਦਾਵਾਂ, ਸਦਕੇ ਜਾਵਾਂ।

ਟੈਲੀਫੂਨ ਜਦੋਂ ਦਾ ਲੱਗਿਆ, ਭੁੱਲਿਓਂ ਚਿੱਠੀ ਪਾਉਣੀ, ਦਰਦ ਵੰਡਾਉਣੀ,
ਲੇਕਿਨ ਯਾਰਾ ਹੁਣ ਮੈਂ ਕਿਸ ਨੂੰ, ਘੁੱਟ ਘੁੱਟ ਸੀਨੇ ਲਾਵਾਂ, ਮਨ ਪਰਚਾਵਾਂ।

ਲੰਡਨ, ਪੈਰਿਸ, ਅਮਰੀਕਾ ਵੀ, ਘੁੰਮ ਆਵੀਂ ਤੂੰ ਸਾਰੇ, ਯਾਰ ਪਿਆਰੇ,
ਐਪਰ ਤੈਨੂੰ ਕਿਤੋਂ ਨਾ ਮਿਲਣੀਆਂ, ਬੋਹੜਾਂ ਜਿਹੀਆਂ ਛਾਵਾਂ, ਸਕੀਆਂ ਮਾਵਾਂ।

ਪੁੱਤਰ ਦੀਆਂ ਉਡੀਕਾਂ ਵਿਚ ਹੁਣ, ਬਾਪੂ ਬੁੱਢਾ ਹੋਇਆ, ਅੱਧਾ ਮੋਇਆ,
ਕਹਿੰਦੈ ਆ ਪਰਦੇਸੀ ਪੁੱਤਰਾ, ਤੈਨੂੰ ਗਲੇ ਲਗਾਵਾਂ, ਮਰ ਨਾ ਜਾਵਾਂ।

ਡਾਇਰੀ ਖੋਲ੍ਹ ਕੇ ਲਿਖ ਲੈ ਸਜਣਾ, ਮੇਰਾ ਸ਼ਹਿਰ ਗਰਾਂ ਵੀ, ਨਾਲੇ ਨਾਂ ਵੀ,
ਨਾਂ 'ਦਰਦੀ' ਹੈ ਪਿੰਡ 'ਕੋਟਲੀ' ਬਹਿ ਜਾ ਯਾਰ ਲਿਖਾਵਾਂ, ਮੈਂ ਸਿਰਨਾਵਾਂ।

ਤੂੰ ਹੀ ਸੀ ਇਕ ਦਿਲ ਦਾ 'ਦਰਦੀ', ਤੂੰ ਵੀ ਛਡ ਕੇ ਤੁਰਿਆ, ਮੁੜ ਨਾ ਮੁੜਿਆ,
ਤੇਰੇ ਬਾਝੋਂ ਸਜਣਾ ਹੁਣ ਮੈਂ, ਕੂੰਜ ਵਾਂਗ ਕੁਰਲਾਵਾਂ, ਔਸੀਆਂ ਪਾਵਾਂ।

✶

**(ਚੌਦਾਂ)**

ਨਹੀਂ ਮੈਨੂੰ ਝੁਕਾ ਸਕਦੀ ਕਿਸੇ ਸਰਕਾਰ ਦੀ ਤਾਕਤ।
ਬੁਲਾ ਸਕਦੀ ਨਾ ਮੈਥੋਂ ਝੂਠ, ਇਸ ਤਲਵਾਰ ਦੀ ਤਾਕਤ।

ਮੇਰਾ ਸਿਰ ਚਾਹੇ ਕਟ ਜਾਵੇ, ਹਮੇਸ਼ਾ ਸੱਚ ਬੋਲੂੰ ਮੈਂ,
ਨਹੀਂ ਮੈਨੂੰ ਦਬਾ ਸਕਦੀ ਕਿਸੇ ਹਥਿਆਰ ਦੀ ਤਾਕਤ।

ਹਮੇਸ਼ਾ ਜਿੱਤਦੈ ਜਿਹੜਾ, ਨਸ਼ੇ ਵਿਚ ਚੂਰ ਹੋ ਜਾਂਦੈ,
ਸਿਖਾ ਦਿੰਦੀ ਹੈ ਬੰਦੇ ਨੂੰ ਬੜਾ ਕੁੱਝ ਹਾਰ ਦੀ ਤਾਕਤ।

ਲੈ ਜਾਊ ਸਾਮ੍ਹਣੇ ਤੇਰੇ, ਰਹੀਂ ਤੂੰ ਵੇਖਦਾ ਕੈਦੋ,
ਪਤਾ ਤੈਨੂੰ ਵੀ ਲੱਗ ਜਾਊ ਹੈ ਕਿੰਨੀ ਪਿਆਰ ਦੀ ਤਾਕਤ।

ਮੇਰੇ ਫ਼ਨ ਦੀ ਉਡਾਉਂਦੇ ਨੇ ਜੋ ਖਿੱਲੀ, ਉਹ ਨੇ ਗ਼ਲਤੀ 'ਤੇ,
ਉਨਾਂ ਵੇਖੀ ਨਹੀਂ ਹੋਣੀ, ਕਦੇ ਫ਼ਨਕਾਰ ਦੀ ਤਾਕਤ।

ਜਦੋਂ ਬੇਗਾਨੇ ਤੈਨੂੰ ਬੇਸਹਾਰਾ ਛਡ ਕੇ ਤੁਰ ਜਾਵਣ,
ਤੂੰ ਆਵੀਂ ਕੋਲ ਮੇਰੇ, ਫਿਰ ਤੂੰ ਪਰਖੀਂ ਯਾਰ ਦੀ ਤਾਕਤ।

ਨਹੀਂ ਅੱਤਵਾਦ ਰਹਿਣਾ ਫਿਰ, ਇਨ੍ਹੇ ਜੜ੍ਹ ਤੋਂ ਹੀ ਮੁੱਕ ਜਾਣੈ,
ਜਦੋਂ ਆਪਸ 'ਚ 'ਦਰਦੀ' ਰਲ ਗਈ ਸੰਸਾਰ ਦੀ ਤਾਕਤ।

✶

## (ਪੰਦਰਾਂ)

ਵਛਾਉਂਦਾ ਰਹਿ ਤੂੰ ਭਾਵੇਂ ਲੱਖ ਕੰਡੇ ਰਸਤਿਆਂ ਉੱਤੇ।
ਜਿਨ੍ਹੇ ਜਾਣਾ ਹੈ ਜਾ ਹੀ ਪਹੁੰਚਣੈ ਉਸ, ਮੰਜ਼ਿਲਾਂ ਉੱਤੇ।

ਮੈਂ ਹਰ ਦੀਵਾਰ ਚਕਨਾ-ਚੂਰ ਕਰਕੇ ਮਿਲਣ ਆਵਾਂਗਾ,
ਕੋਈ ਪਹਿਰਾ ਲਗਾ ਸਕਦਾ ਨਹੀਂ ਹੈ ਆਸ਼ਕਾਂ ਉੱਤੇ।

ਖ਼ੁਦਾ ਮੈਂ ਸਮਝਿਆ ਜਿਸਨੂੰ, ਉਸੇ ਨੇ ਡੋਬਿਆ ਮੈਨੂੰ,
ਭਲਾ ਹੁਣ ਕੀ ਕਰੇ ਇਤਬਾਰ ਕੋਈ ਰਹਿਬਰਾਂ ਉੱਤੇ।

ਮੇਰਾ ਦਿਲ ਤੋੜ ਕੇ ਉਹ ਹੁਣ ਰਕੀਬਾਂ ਨਾਲ ਫਿਰਦਾ ਹੈ,
ਭਲਾ ਹੁਣ ਕੀ ਕਰਾਂ ਇਤਬਾਰ ਦੱਸੋ ਦਿਲਬਰਾਂ ਉੱਤੇ।

ਮੈਂ ਜਿਸ ਨੂੰ ਸਮਝਿਆ ਅਪਣਾ, ਉਸੇ ਨੇ ਤੋੜਿਆ ਦਿਲ ਨੂੰ,
ਨਹੀਂ ਇਤਬਾਰ ਕੋਈ ਰਹਿ ਗਿਆ, ਹੁਣ ਦੋਸਤਾਂ ਉੱਤੇ।

ਗ਼ਜ਼ਲ ਮੇਰੀ ਦੇ ਵਿਚ ਪਰਪੱਕਤਾ ਆਈ ਹੈ, ਕਿਉਂ ਕਿ ਮੈਂ,
ਸਦਾ ਚੱਲਿਆਂ ਹਾਂ 'ਸੰਧੂ' ਦੇ ਉਲੀਕੇ ਨਕਸ਼ਿਆਂ ਉੱਤੇ।

ਕਦੇ ਤਾਂ ਭੁਲ-ਭੁਲੇਖੇ ਵੇਖ ਕੇ ਆਵੇਗਾ ਘਰ 'ਦਰਦੀ',
ਜਗਾ ਰੱਖੀਏ ਅਸੀਂ ਦੀਵਾ ਹਮੇਸ਼ਾ ਸਰਦਲਾਂ ਉੱਤੇ।

✶

## (ਸੋਲਾਂ)

ਤੂੰ ਜ਼ਿੰਦਗੀ 'ਚ ਮੇਰੀ, ਆਇਆ ਬਹਾਰ ਬਣਕੇ।
ਤੂੰ ਦਿਲ 'ਚ ਵਸ ਗਿਆ ਏਂ, ਮਹਿਕੀਲਾ ਪਿਆਰ ਬਣਕੇ।

ਗਲ ਪੈਣ-ਪੈਣ ਕਰਦੈਂ, ਗਲ ਵਿਚ ਪਵਾ ਲਵਾਂ ਮੈਂ,
ਆਵੇਂ ਕਦੇ ਜੇ ਯਾਰਾ, ਤੂੰ ਗ਼ਲ ਦਾ ਹਾਰ ਬਣਕੇ।

ਫ਼ਿਸਦਾ ਨਹੀਂ ਏ ਚੰਦਰਾ, ਤੇਰੀ ਯਾਦ ਵਾਲਾ ਫੋੜਾ,
ਛੇਤੀ ਤੂੰ ਆ ਜਾ ਯਾਰਾ, ਆ ਜਾ 'ਕੁਆਰ' ਬਣਕੇ।

ਤੇਰੇ ਜਿਹਾ ਤਾਂ ਸਾਥੀ, ਨਹੀਂ ਭਾਲਿਆ ਵੀ ਮਿਲਣਾ,
ਜੀਵਨ 'ਚ ਉਂਝ ਨੇ ਆਏ, ਲੱਖਾਂ ਹੀ ਯਾਰ ਬਣਕੇ।

ਤੂੰਬਾ ਇਹ ਮੇਰੇ ਦਿਲ ਦਾ, ਛੇੜੇਗਾ ਰਾਗ ਵੇਖੀਂ,
ਆਜਾ ਤੂੰ ਯਾਰ ਮੇਰੇ, ਤੂੰਬੇ ਦੀ ਤਾਰ ਬਣਕੇ।

ਮੈਂ ਵੇਖਿਆ ਜਦੋਂ ਦਾ, ਗ਼ੈਰਾਂ ਦੇ ਨਾਲ ਤੈਨੂੰ,
ਤੂੰ ਖ਼ੁਭ ਗਿਐਂ ਉਦੋਂ ਦਾ, ਦਿਲ ਵਿਚ ਕਟਾਰ ਬਣਕੇ।

ਸ਼ਿਕਵੇ ਭੁਲਾ ਕੇ 'ਦਰਦੀ' ਲਾ ਲੈਂਦੈ ਸੀਨੇ ਉਸ ਨੂੰ,
ਦੁਸ਼ਮਣ ਵੀ ਉਸਦਾ ਕਿੱਧਰੇ, ਆਵੇ ਜੇ ਯਾਰ ਬਣਕੇ।

✶

**(ਸਤਾਰਾਂ)**

ਲਾ ਕੇ ਯਾਰੀ ਹੁਣ ਕਿਉਂ ਤੋੜ ਨਿਭਾਉਂਦਾ ਨਹੀਂ।
ਕਰਕੇ ਵਾਅਦਾ ਯਾਰ, ਮਿਲਣ ਕਿਉਂ ਆਉਂਦਾ ਨਹੀਂ।

ਜਦ ਦਾ ਰੁੱਸਿਆ ਸਾਡੇ ਨਾਲ ਤੂੰ ਸੱਜਣਾ ਵੇ,
ਤਦ ਦਾ ਸਾਡੇ ਕੋਠੇ ਕਾਂ ਕੁਰਲਾਉਂਦਾ ਨਹੀਂ।

ਕੁਝ ਹੀ ਦਿਨਾਂ ਵਿਚ ਭੁੱਲ ਗਿਓਂ, ਤੂੰ ਕਹਿੰਦਾ ਸੈਂ,
ਤੇਰੀ ਕੀਤੀ ਸਾਰੀ ਉਮਰ ਭੁਲਾਉਂਦਾ ਨਹੀਂ।

ਸੁੱਖਾਂ ਵਿਚ ਤਾਂ ਨਾਲ ਰਿਹਾ ਤੂੰ ਮੇਰੇ ਯਾਰ,
ਦੁੱਖ ਜਦੋਂ ਦੇ ਆਏ ਉਦੋਂ ਦਾ ਆਉਂਦਾ ਨਹੀਂ।

ਉਹ ਗ਼ੈਰਾਂ ਦੇ ਹੱਥੀਂ ਚੜ੍ਹਿਆ ਲੱਗਦਾ ਏ,
ਘੂਰੀ ਵਟਦੈ ਵੇਖਕੇ, ਹੁਣ ਮੁਸਕਾਉਂਦਾ ਨਹੀਂ।

ਤਦ ਤਕ ਉਸਨੂੰ ਰੋਟੀ ਵੀ ਕਦ ਪਚਦੀ ਹੈ,
ਜਦ ਤਕ ਇਧਰ ਦੀ, ਓਧਰ ਜਾ ਕੇ ਲਾਉਂਦਾ ਨਹੀਂ।

ਸਚ ਆਖਣ ਦੀ ਜਦ ਤੋਂ ਆਦਤ ਬਣ ਗਈ ਏ,
ਤਦ ਦਾ ਮਿੱਤਰ ਕੋਈ ਮਿਲਣ ਵੀ ਆਉਂਦਾ ਨਹੀਂ।

ਉਹਨਾਂ ਨੇ ਨਈਂ ਆਉਣਾ ਛੱਡ ਉਡੀਕਾਂ ਹੁਣ,
'ਦਰਦੀ' ਕਿਉਂ ਤੂੰ ਦਿਲ ਨੂੰ ਇਹ ਸਮਝਾਉਂਦਾ ਨਹੀਂ।

ਹਰ ਇਕ ਨੂੰ ਤੂੰ ਦਸਦਾਂ 'ਦਰਦੀ' ਦਿਲ ਦਾ ਭੇਤ,
ਪਛਤਾਏਂਗਾ ਦਿਲ ਦੀ ਗੱਲ ਛਪਾਉਂਦਾ ਨਹੀਂ।

✶

## (ਅਠਾਰਾਂ)

ਪਿੱਠ ਵਿਖਾ ਤੁਰ ਜਾਣਾ ਕੰਮ ਗਦਾਰਾਂ ਦਾ।
ਸੀਸ ਤਲੀ 'ਤੇ ਧਰਨਾ ਕੰਮ ਸਰਦਾਰਾਂ ਦਾ।

ਫੁਲ ਮਾਸੂਮ ਝੁਕੇ ਨਾ ਜ਼ਾਲਿਮ ਦੇ ਅੱਗੇ,
ਚਿੱਤ ਡੁਲਾ ਨਾ ਸਕਿਆਂ ਖ਼ੌਫ਼ ਦੀਵਾਰਾਂ ਦਾ।

ਜਿਸ ਦਾ ਕੰਮ ਹੈ ਰੋਗ ਅਵੱਲੇ ਲਾ ਦੇਣੇ,
ਹਾਲ ਉਨ੍ਹੇ ਕੀ ਪੁੱਛਣਾ ਹੈ ਬੀਮਾਰਾਂ ਦਾ।

ਜਦ ਮਰਜ਼ੀ ਤੂੰ ਕੈਸ਼ ਕਰਾ ਲਈਂ ਸੱਜਣਾ ਵੇ,
ਅਜ ਤੋਂ ਤੇਰੇ ਨਾਂ ਹੋਇਆ ਦਿਲ ਯਾਰਾਂ ਦਾ।

ਇਕ ਪੈਸੇ ਜਿੰਨੀਂ ਵੀ ਉਸਦੀ ਵੁੱਕਤ ਨਹੀਂ,
ਧੰਦਾ ਜੋ ਕਰਦਾ ਹੈ ਲੱਖ ਹਜ਼ਾਰਾਂ ਦਾ।

ਲੋਕੋ ! ਭਾਸ਼ਣ ਸੁਣਕੇ ਪਿੱਛੇ ਨਾ ਤੁਰਿਓ,
ਝੂਠੇ ਲਾਰੇ ਲਾਉਣੇ ਕੰਮ ਸਰਕਾਰਾਂ ਦਾ।

ਸਿਰ ਝੁਕ ਜਾਉ 'ਦਰਦੀ' ਦਾ ਕੱਢ ਦਿਲ ਵਿੱਚੋਂ,
ਦੁਸ਼ਮਣ ਡਰ ਨਾ ਦੇ ਮੈਨੂੰ ਤਲਵਾਰਾਂ ਦਾ।

✶

## (ਉੱਨੀ)

ਕਦੇ ਉਹ ਤੋਲਿਆਂ ਵਰਗਾ, ਕਦੇ ਉਹ ਮਾਸਿਆਂ ਵਰਗਾ।
ਹਮੇਸ਼ਾ ਜਾਪਿਆ ਮੈਨੂੰ, ਉਹ ਟੁੱਟੇ ਹਾਸਿਆਂ ਵਰਗਾ।

ਕਦੇ ਉਹ ਜੋੜਦਾ ਦਿਲ ਨੂੰ, ਕਦੇ ਉਹ ਤੋੜਦਾ ਦਿਲ ਨੂੰ,
ਕਦੇ ਉਹ ਗ਼ੈਰ ਜਿਹਾ ਲਗਦਾ, ਕਦੇ ਉਹ ਅਪਣਿਆਂ ਵਰਗਾ।

ਮੈਂ ਅਜ ਟੁੱਟਾ ਕਿ ਕਲ ਟੁੱਟਾ, ਨਹੀਂ ਮੇਰਾ ਭਰੋਸਾ ਕੁੱਝ,
ਮੈਂ ਹੁਣ ਤਾਂ ਹੋ ਗਿਆ ਹਾਂ ਘੁਣ ਦੇ ਖਾਧੇ ਤਖ਼ਤਿਆਂ ਵਰਗਾ।

ਮੈਂ ਜੀਣਾ ਵੀ ਨਹੀਂ ਚਾਹੁੰਦਾ, ਨਾ ਮੈਨੂੰ ਮੌਤ ਆਉਂਦੀ ਏ,
ਮੈਂ ਜੀਵਨ ਜਿੱਤਿਆਂ ਵਰਗਾ, ਨਾ ਜੀਵਨ ਹਾਰਿਆਂ ਵਰਗਾ।

ਜਦੋਂ ਵੀ ਲੋੜ ਪੈਂਦੀ ਹੈ, ਉਦੋਂ ਉਹ ਦੌੜ ਜਾਂਦਾ ਹੈ,
ਤੁਸੀਂ ਦੱਸੋ ਕਿਵੇਂ ਸਮਝਾਂ, ਮੈਂ ਉਸ ਨੂੰ ਅਪਣਿਆਂ ਵਰਗਾ।

ਰਕੀਬਾਂ ਨਾਲ ਤੂੰ ਬਾਹਾਂ ’ਚ ਬਾਹਾਂ ਪਾ ਕੇ ਘੁੰਮਦਾ ਏਂ,
ਮੇਰੇ ਸੰਗ ਰੱਖਿਆ ਰਿਸ਼ਤਾ, ਤੂੰ ਟੁੱਟੇ ਨਾਤਿਆਂ ਵਰਗਾ।

ਕਦੇ ਉਹ ਕੱਟਦਾ ਜੇਬਾਂ, ਕਦੇ ਉਹ ਵੰਡਦਾ ਦੌਲਤ,
ਕਦੇ ਉਹ ਡਾਕੂਆਂ ਵਰਗਾ, ਕਦੇ ਉਹ ਦਾਤਿਆਂ ਵਰਗਾ।

ਇਹ ਖਾਵਣ ਪਿਆਰ ਲਈ ਪੱਥਰ, ਇਹ ਚੀਰਣ ਪਿਆਰ ਲਈ ਪਰਬਤ,
ਨਹੀਂ ਦੁਨੀਆਂ ਦੇ ਵਿਚ ਹੋਣਾ, ਕੋਈ ਵੀ ਆਸ਼ਿਕਾਂ ਵਰਗਾ।

ਤੇਰੇ ਬਿਨ ਪੁੱਛਦਾ ਮੈਨੂੰ ਨਹੀਂ ਕੋਈ ਮੇਰੇ ‘ਦਰਦੀ’,
ਬਿਨਾ ਤੇਰੇ ਮੈਂ ਯਾਰਾ ਹੋ ਗਿਆਂ, ਬੰਦ-ਖਾਤਿਆਂ ਵਰਗਾ।

✶

## (ਵੀਹ)

ਜਦ ਤਕ ਮੇਰੇ ਕੋਲ ਕੋਈ ਰੁਜ਼ਗਾਰ ਨਹੀਂ।
ਤਦ ਤਕ ਕਰ ਸਕਦਾ ਮੈਂ ਤੈਨੂੰ ਪਿਆਰ ਨਹੀਂ।

ਇਸ਼ਕ ਦੇ ਵਿਚ ਵੀ ਭਾਲੇਂ ਯਾਰ ਮੁਨਾਫ਼ਾ ਤੂੰ,
ਇਸ਼ਕ ਇਬਾਦਤ ਹੁੰਦੀ ਏ, ਵਿਉਪਾਰ ਨਹੀਂ।

ਇਕ ਨੂੰ ਛੱਡ ਜੋ ਦੂਜੇ ਦੇ ਸੰਗ ਤੁਰ ਜਾਂਦੈ,
ਉਹ ਤਾਂ ਗਿਰਗਟ ਹੁੰਦਾ ਹੈ, ਦਿਲਦਾਰ ਨਹੀਂ।

ਹੁਣ ਤੂੰ ਕਹਿੰਨੈ ਛੇਤੀ ਮੁੜ ਆ, ਐ ਦਿਲਬਰ!
ਜਦ ਤੁਰਿਆ ਸੀ, ਰੋਕਿਆ ਤੂੰ ਇਕ ਵਾਰ ਨਹੀਂ।

'ਕੱਲੇ-'ਕੱਲੇ ਹੋਣਾ ਹੀ ਹੁਣ ਜਾਇਜ਼ ਹੈ,
ਇਕ ਦੂਜੇ 'ਤੇ ਜਦ ਸਾਨੂੰ ਇਤਬਾਰ ਨਹੀਂ।

ਭਾਵੇਂ ਕਿੰਨੀਂ ਦੂਰ ਮਿਜ਼ਾਈਲ ਵਾਰ ਕਰੇ,
ਪਰ ਇਹ ਕਲਮ ਤੋਂ ਵੱਧ ਕਰ ਸਕਦੀ ਵਾਰ ਨਹੀਂ।

ਮੂੰਹ ਵਿਚ ਰਾਮ ਤੇ ਬਗਲ 'ਚ ਰੱਖਦੈਂ ਛੁਰੀਆਂ ਤੂੰ,
ਕਿੱਥੇ ਕਰ ਦਏਂ ਵਾਰ ਤੇਰਾ ਇਤਬਾਰ ਨਹੀਂ।

ਉਹ ਕਾਹਦਾ ਦਿਲ ਹੁੰਦਾ ਏ, ਤੂੰ ਦਸ 'ਦਰਦੀ',
ਜਿਸ ਦਿਲ ਦੇ ਵਿਚ ਕੋਈ ਵੀ ਦਿਲਦਾਰ ਨਹੀਂ।

✶

## (ਇੱਕੀ)

ਤੇਸੇ ਚਲਾਉਣ ਵਾਲੇ, ਮੱਝਾਂ ਚਰਾਉਣ ਵਾਲੇ।
ਰਹਿੰਦੇ ਸਦਾ ਹੀ ਜਗ ’ਤੇ ਆਸ਼ਿਕ ਕਹਾਉਣ ਵਾਲੇ।

ਝੂਠਾ ਵਿਰਾ ਜਾ ਆ ਕੇ, ਮੈਨੂੰ ਰੁਵਾਉਣ ਵਾਲੇ,
ਆਉਂਦੀ ਹੈ ਯਾਦ ਤੇਰੀ, ਮੈਨੂੰ ਭਲਾਉਣ ਵਾਲੇ।

ਹੁਣ ਵੀ ਕਹਾਂ ਉਹਨਾਂ ਨੂੰ ਮਿੱਤਰ ਜਾਂ ਬੇਵਫ਼ਾ ਮੈਂ,
ਗ਼ੈਰਾਂ ਦੇ ਹੋ ਗਏ ਜੋ, ਮੇਰੇ ਕਹਾਉਣ ਵਾਲੇ।

ਕਚਿਆਂ ’ਤੇ ਤਰਨਾ ਪੈਂਦੈ, ਬੇਲੇ ’ਚ ਰੁਲਣਾ ਪੈਂਦੈ,
ਹਸ ਹਸ ਕੇ ਮਰਨਾ ਪੈਂਦੈ, ‘ਉਲਫ਼ਤ’ ਜਤਾਉਣ ਵਾਲੇ।

ਕੰਨਾਂ ’ਚ ਪਾ ਕੇ ਮੁੰਦਰਾਂ, ਆਸ਼ਿਕ ਕੋਈ ਨਈ੍ਹ ਬਣਦਾ,
ਘਰ ਬਾਰ ਪੈਂਦੈ ਛੱਡਣਾ, ਆਸ਼ਿਕ ਕਹਾਉਣ ਵਾਲੇ।

ਕਿੰਨੇ ਨੇ ਮਤਲਬੀ ਉਹ, ਕਿੰਨੇ ਬੇਦਰਦ ਜ਼ਾਲਿਮ,
ਜਨਤਾ ਨੂੰ ਖਾ ਗਏ ਨੇ, ਲੀਡਰ ਕਹਾਉਣ ਵਾਲੇ।

ਹਿੱਸੇ ’ਚ ਤੇਰੇ ਆਉਣੀ, ਦੋ ਗਜ਼ ਜ਼ਮੀਨ ਕੇਵਲ,
ਕੋਠੀ ਬਣਾਉਣ ਵਾਲੇ, ਪੱਥਰ ਲਗਾਉਣ ਵਾਲੇ।

ਚਿਹਰੇ ’ਤੇ ਸਾਫ਼ ਦਿਸਦੈ, ਕਿੰਨੀਂ ਹੈ ਉਮਰ ਤੇਰੀ,
ਕਿਸ ਭਰਮ ਵਿਚ ਤੂੰ ਫਿਰਦਾਂ, ਮਹਿੰਦੀ ਲਗਾਉਣ ਵਾਲੇ।

ਰਬ ਨਾਲ ਸੌਦਾ ਕਰਨੈਂ ਤਾਂ ਕਰ ਬਰਾਬਰੀ ਦਾ,
ਲੱਖਾਂ ਤੂੰ ਮੰਗਦਾ ਏਂ, ਦਸ-ਵੀਹ ਚੜ੍ਹਾਉਣ ਵਾਲੇ।

ਮਿਲਿਆ ਕੀ ਉੱਥੋਂ ਤੈਨੂੰ, ਦਸ ਜਾ ਖਲੋਕੇ ਮੈਨੂੰ,
ਮੜ੍ਹੀਆਂ-ਮਸੀਤਾਂ ਅੰਦਰ, ਮੱਥਾ ਘਸਾਉਣ ਵਾਲੇ।

ਭੁੱਖਾ-ਪਿਆਸਾ ਬਾਬਾ, ਨੁੱਕਰੇ ਪਿਐ ਤੁਹਾਡਾ,
ਪਾਣੀ ਪਲਾਉਣ ਵਾਲੇ, ਲੰਗਰ ਲਗਾਉਣ ਵਾਲੇ।

ਜਿਸ ਦਿਨ ਦੀ ਮੇਰੇ ਉੱਤੇ, ਆਈ ਹੈ ਭੀੜ ‘ਦਰਦੀ’,
ਉਸ ਦਿਨ ਦੇ ਦਿਸਦੇ ਨਹੀਂ, ਮੇਰੇ ਕਹਾਉਣ ਵਾਲੇ।

✶

**(ਬਾਈ)**

ਬਚ ਕੇ ਰਹੀਂ ਦਿਲਾ ਤੂੰ, ਪਹਿਨੇ ਨਕਾਬ ਏਥੇ।
ਰਹਿੰਦੇ ਨੇ ਕੰਡੇ ਅਜ-ਕੱਲ੍ਹ, ਬਣਕੇ ਗੁਲਾਬ ਏਥੇ।

ਠੋਕਰ ਲਗਾ ਕੇ ਜਿਹਨਾਂ ਦਿਲ ਤੋੜਿਆ ਸੀ ਇਕ ਦਿਨ,
ਆਏ ਜਨਾਬ ਕਿੱਦਾਂ, ਓਹੀ ਜਨਾਬ ਏਥੇ।

ਪੁੱਛੋਂ ਨਾ ਕੁੱਝ ਵੀ ਮੈਥੋਂ, ਮਰ ਮਰ ਕੇ ਜੀਅ ਰਿਹਾਂ ਮੈਂ,
ਦੁੱਖੜੇ ਗਿਣਾਵਾਂ ਕੀ ਕੀ, ਹਨ ਬੇਹਿਸਾਬ ਏਥੇ।

ਬਚਕੇ ਰਹੀਂ ਦਿਲਾ ਤੂੰ, ਸਾੜਣਗੇ ਲੋਕ ਤੈਨੂੰ,
ਥਾਂ ਥਾਂ ਨੇ ਫਿਰਦੇ ਲੈ ਕੇ, ਲੋਕੀਂ ਤਿਜ਼ਾਬ ਏਥੇ।

ਰੋਟੀ ਲਈ ਹੈ ਬੰਦਾ, ਕੀ ਕੁਝ ਸਹਾਰ ਜਾਂਦਾ,
ਕੌਡੀ ਦੇ ਭਾਅ ’ਚ ਵਿਕਦੇ ਵੇਖੇ ਸ਼ਬਾਬ ਏਥੇ।

ਕਿਸ ਵੇਖਿਆ ਹੈ ਅਜ ਤਕ, ਮੌਤੋਂ ਅਗਾਂਹ ਦਾ ਰਸਤਾ,
ਕਰਮਾਂ ਦਾ ਦੇਣਾ ਪੈਂਦੈ, ਲਾਜ਼ਿਮ ਹਿਸਾਬ ਏਥੇ।

ਫਿਰ ਪੰਜ ਸਾਲ ਪੂਰੇ ਪਛਤਾਉਣਗੇ ਐ ‘ਦਰਦੀ’,
ਜੋ ਲੋਕ ਵੋਟ ਬਦਲੇ, ਪੀਂਦੇ ਸ਼ਰਾਬ ਏਥੇ।

ਆਖੇਂਗਾ ਫਿਰ ਤੂੰ ਮੈਨੂੰ, ਕੀਤਾ ਦਗਾ ਹੈ ‘ਦਰਦੀ’,
ਕਰ ਜਾ ਤੂੰ ਯਾਰ ਮੇਰੇ, ਬਹਿਕੇ ਹਿਸਾਬ ਏਥੇ।

✶

## (ਤੇਈ)

ਖ਼ਤਾ ਐਸੀ ਹੋਈ ਕਿਹੜੀ ਨਾ ਬੋਲੇਂ ਤੂੰ ਬੁਲਾਇਆਂ 'ਤੇ।
ਤੂੰ ਉੱਠ ਚੱਲਿਆ ਏਂ ਕਿਉਂ ਸਜਣਾ, ਮੇਰੇ ਮਹਿਫ਼ਿਲ 'ਚ ਆਇਆਂ 'ਤੇ।

ਜਦੋਂ ਦਾ ਵੇਖਿਐ ਤੈਨੂੰ, ਪਤਾ ਨਈ੍ਹੀਂ ਹੋਇਐ ਕੀ ਦਿਲ ਨੂੰ,
ਨਾ ਰੌਂਦਾ ਹੈ ਰੁਆਇਆਂ 'ਤੇ, ਨਾ ਹਸਦਾ ਹੈ ਹਸਾਇਆਂ 'ਤੇ।

ਅਸੀਂ ਤਾਂ ਪਿਆਰ ਵਿਚ ਆਪਣਾ ਲੁਟਾ ਬੈਠੇ ਹਾਂ ਸਭ ਕੁਝ ਹੀ,
ਜਿਦ੍ਹੇ ਪਿੱਛੇ ਲੁਟਾਇਆ ਹੈ, ਉਹ ਬੋਲੇ ਨਾ ਬੁਲਾਇਆਂ 'ਤੇ।

ਤੇਰੀ ਹੁਣ ਯਾਦ ਆਉਂਦੀ ਹੈ ਮੇਰੇ ਸਜਣਾ ਜਦੋ ਮੈਨੂੰ,
ਉਦੋ ਵਗ ਤੁਰਦੇ ਨੇ ਹੰਝੂ, ਨਹੀਂ ਰੁਕਦੇ ਰੁਕਾਇਆਂ 'ਤੇ।

ਤੂੰ ਕਿੰਨਾਂ ਚਿਰ ਡਰੇਂਗਾ, ਪਿਆਰ ਦੁਨੀਆਂ ਤੋਂ ਛੁਪਾਏਗਾ,
ਕਦੇ ਵੀ ਮਹਿਕ ਨਹੀਂ ਛੁਪਦੀ, ਮੇਰੇ ਮਿਤਰਾ ਛੁਪਾਇਆਂ 'ਤੇ।

ਉਨ੍ਹੇ ਕਿਉਂ ਵੇਖਕੇ ਮੈਨੂੰ ਤਿਉੜੀ ਪਾ ਲਈ ਮੱਥੇ,
ਪਤਾ ਨਈ੍ਹੀਂ ਹੋਇਆ ਕੀ ਉਸ ਨੂੰ, ਜੋ ਖ਼ੁਸ਼ ਹੁੰਦਾ ਸੀ ਆਇਆਂ 'ਤੇ।

ਜਿਨ੍ਹਾਂ 'ਚੋਂ ਜ਼ਿੰਦਗੀ ਨੂੰ ਜੀਣ ਦਾ ਉਤਸ਼ਾਹ ਮਰ ਚੁੱਕੈ,
ਉਨ੍ਹਾਂ ਕੀ ਜਾਗਣਾ ਹੈ ਸੱਜਣਾ, ਤੇਰੇ ਜਗਾਇਆਂ 'ਤੇ।

ਦਿਲਾਂ ਦਾ ਮਿਲਣ ਤਾਂ ਰਬ ਨੇ ਹੀ ਲਿਖਿਆ ਹੁੰਦਾ ਏ 'ਦਰਦੀ'
ਕਦੋਂ ਮਿਲਿਐ ਕਿਸੇ ਨੂੰ ਦਿਲ, ਕਿਸੇ ਦੇ ਜ਼ੋਰ ਪਾਇਆਂ 'ਤੇ।

✶

## (ਚੌਵੀ)

(ਚੌ-ਕਾਫ਼ੀਆ-ਮੁਸਤਜ਼ਾਦ ਗ਼ਜ਼ਲ)

ਨਾ ਤਾਂ ਸੱਜਣਾ ਅਜ ਤੱਕ ਮੈਨੂੰ, ਤੂੰ ਕੋਈ ਖਤ ਪਾਇਆ, ਨਾ ਤੂੰ ਆਇਆ।
ਯਾਦ ਤੇਰੀ ਵਿਚ ਰੋ ਰੋ ਕੇ ਮੈਂ, ਅਪਣਾ ਵਕਤ ਲੰਘਾਇਆ, ਦਿਲ ਕੁਰਲਾਇਆ।

ਵਰ੍ਹਿਆਂ ਮਗਰੋਂ ਸੱਜਣ ਮੇਰਾ, ਜਦ ਮੈਨੂੰ ਸੀ ਮਿਲਿਆ, ਦਿਲ ਸੀ ਖਿਲਿਆ,
ਸ਼ਿਕਵੇ ਗਿਲੇ ਭੁਲਾ ਕੇ ਸਾਰੇ, ਗਲ ਦੇ ਨਾਲ ਮੈਂ ਲਾਇਆ, ਹਾਲ ਸੁਣਾਇਆ।

ਵੇਖ ਵੇਖ ਕੇ ਮੈਨੂੰ ਜਿਹੜਾ, ਦੂਰੋਂ ਨੀਵੀਂ ਪਾਉਂਦਾ, ਸੀ ਸ਼ਰਮਾਉਂਦਾ,
ਭੁਲਦਾ ਨਹੀਂ ਭੁਲਾਇਆਂ ਉਹ ਤਾਂ, ਦਿਲ ਦੇ ਵਿੱਚ ਵਸਾਇਆ, ਮਨ ਨੂੰ ਭਾਇਆ।

ਜਿਸ ਕਰਕੇ ਹੈ ਦੁਨੀਆਂ ਕਰਦੀ, ਯਾਦ ਹਮੇਸ਼ਾ ਮੈਨੂੰ, ਦੱਸਾਂ ਤੈਨੂੰ?
ਯਾਦ ਤੇਰੀ ਨੇ ਉਹ ਤਾਂ ਸੱਜਣਾ, ਆਪੇ ਗੀਤ ਲਿਖਾਇਆ, ਆਪੇ ਗਾਇਆ।

ਛਾਂ ਦੇਣੀ ਵੀ ਛੱਡ ਦਿੱਤੀ ਹੈ, ਉਸ ਰੁੱਖ ਨੇ ਦਿਲਦਾਰੋ! ਮੇਰੇ ਯਾਰੋ!
ਜਿਸ ਰੁੱਖ ਨੂੰ ਮੈਂ ਅਪਣੇ ਹੱਥੀਂ, ਰੀਝਾਂ ਨਾਲ ਲਗਾਇਆ, ਖ਼ੂਨ ਪਿਲਾਇਆ।

ਕਹਿੰਦੇ ਸਾਰੇ ਲੋਕੀਂ ਮੈਨੂੰ, ਕਾਨੇ ਵਰਗਾ ਹੋਇਆ, ਰਹਿੰਦਾ ਖੋਇਆ,
'ਦਰਦੀ' ਨੂੰ ਤਾਂ ਯਾਰ ਉਦ੍ਹੇ ਨੇ, ਰੋਗ ਅਵੱਲਾ ਲਾਇਆ, ਮਾਰ ਮੁਕਾਇਆ।

ਪੁੱਛੋ ਨਾ ਕਿ ਕਿੱਦਾਂ ਹੋ ਗਈ, 'ਵਾਹਵਾ ਵਾਹਵਾ' ਸਾਰੇ, ਯਾਰ ਪਿਆਰੇ!
ਮਹਿਫ਼ਿਲ ਦੇ ਵਿਚ ਖੜ੍ਹ 'ਦਰਦੀ' ਨੇ, ਜਦ ਵੀ ਗੀਤ ਸੁਣਾਇਆ, ਰੰਗ ਜਮਾਇਆ।

✶

## (ਪੱਚੀ)

### (ਮਤਲਿਆਂ ਵਾਲੀ ਗ਼ਜ਼ਲ)

ਰੱਖੇਂਗਾ ਦੇਰ ਕਿੰਨੀਂ, ਦੁਨੀਆਂ ਤੋਂ ਤੂੰ ਲੁਕੋ ਕੇ?
ਦੱਸ ਦੇ ਤੂੰ ਪਿਆਰ ਸਭ ਨੂੰ ਰਸਤੇ ਦੇ ਵਿਚ ਖਲੋਕੇ।

ਗਲ ਵਿਚ ਪੁਆ ਲੈ ਸੱਜਣਾ, ਥੋੜ੍ਹਾ ਕਰੀਬ ਹੋ ਕੇ।
ਰੱਖਿਆ ਮੈਂ ਹਾਰ ਚਾਅ ਦਾ, ਤੇਰੇ ਲਈ ਪਰੋਕੇ।

ਕਿਉਂ ਦੱਸਦੈਂ ਦਿਲਾ ਹੁਣ, ਅਪਣਾ ਤੂੰ ਹਾਲ ਰੋ ਕੇ।
ਸਜਣਾਂ ਦੇ ਸਾਂਭ ਰੱਖ ਤੂੰ ਗ਼ਮ ਦਿਲ ਦੇ ਵਿਚ ਲੁਕੋ ਕੇ।

ਉਹ ਕਰਨਗੇ ਜਿਬ੍ਹਾ ਹੁਣ ਨਸ਼ਤਰ ਚੁਭੋ ਚੁਭੋ ਕੇ।
ਜਿਹਨਾਂ ਨੇ ਭੇਤ ਲੈ ਲਏ, ਤੇਰੇ ਕਰੀਬ ਹੋ ਕੇ।

ਉਹ ਤੀਰਥਾਂ ਤੋਂ ਚਾਹੇ, ਆਇਆ ਨਹਾ ਕੇ , ਧੋ ਕੇ।
ਜੋ ਦਿਲ 'ਚ ਮੈਲ ਉਸ ਦੇ ਰੱਖੂ ਕਿਵੇਂ ਲੁਕੋ ਕੇ।

ਤੈਨੂੰ ਮੈਂ ਕ੍ਹਾਤੋਂ ਵੇਖਾਂ, ਕੋਠੇ ਖਲੋ-ਖਲੋ ਕੇ?
ਜਦ ਰੋਜ਼ ਤੈਨੂੰ ਮਿਲਦਾਂ, ਦਿਲ ਦੇ ਮੈਂ ਬਾਰ ਢੋ ਕੇ।

ਐ ਬੇਵਫ਼ਾ ਹੁਸੀਨਾ! ਆਵੇਂ ਜੇ ਮੇਰੀ ਹੋ ਕੇ।
ਦਰ ਤੋਂ ਲੰਘਾਊਂ ਤੈਨੂੰ, ਹੰਝੂ ਖ਼ੁਸ਼ੀ ਦੇ ਚੋ ਕੇ।

ਸੱਚ ਆਖਦਾ ਹੈ 'ਦੀਪਕ', 'ਦਰਦੀ' ਤੂੰ ਸੁਣ ਖਲੋ ਕੇ,
"ਚੱਲੀਏ ਕਿਸੇ ਦੇ ਬਣ ਕੇ! ਰਹੀਏ ਕਿਸੇ ਦੇ ਹੋ ਕੇ!"

✶

## (ਛੱਬੀ)

ਚੁਫੇਰੇ ਲਹਿ-ਲਹਾਵਾਂਗਾ, ਮੈਂ ਸਭ ਦੀ ਜ਼ਿੰਦਗੀ ਬਣਕੇ।
ਤੁਹਾਨੂੰ ਰਾਹ ਵਿਖਾਵਾਂਗਾ, ਮੈਂ ਲੋਕੋ ਰੌਸ਼ਨੀ ਬਣਕੇ।

ਬਥੇਰਾ ਚਿਰ ਤੁਸਾਂ ਨਿਰਦੋਸ਼ ਲੋਕਾਂ ਦਾ ਲਹੂ ਪੀਤੈ,
ਤੁਸੀਂ ਹੁਣ ਬਸ ਕਰੋ, ਹੁਣ ਤਾਂ ਵਿਖਾਵੋ ਆਦਮੀ ਬਣਕੇ।

ਦੁਆ ਕਰਦਾਂ ਮੈਂ ਤੇਰੇ ਲਈ ਹਮੇਸ਼ਾ ਬੇਵਫ਼ਾ ਯਾਰਾ,
ਤੇਰੇ ਜੀਵਨ ਦਾ ਹਰ ਪਲ ਤੇਰੇ ਲਈ ਆਵੇ ਖੁਸ਼ੀ ਬਣਕੇ।

ਉਹ ਮੇਰੇ ਦਿਲ 'ਚ ਵੱਸ ਬੈਠਾ, ਮੇਰੇ ਹੱਡਾਂ 'ਚ ਰਚ ਬੈਠਾ,
ਭੁਲਾਇਆਂ ਵੀ ਨਹੀਂ ਭੁਲਦਾ ਜੋ ਮਿਲਿਆ ਅਜਨਬੀ ਬਣਕੇ।

ਮੈਂ ਅੱਖਾਂ 'ਤੇ ਬਿਠਾਵਾਂਗਾ, ਮੈਂ ਸੀਨੇ ਨੂੰ ਲਗਾਵਾਂਗਾ,
ਓ ਮੇਰੇ ਬੇਵਫ਼ਾ ਯਾਰਾ, ਤੂੰ ਆ ਮੇਰਾ ਕਦੀ ਬਣਕੇ।

✶

## (ਸਤਾਈ)

ਉਨੂੰ ਲੱਭੋ ਤੁਸੀਂ ਸਾਰੇ ਮੇਰਾ ਜਿਸ ਤੋੜਿਆ ਦਿਲ ਹੈ।
ਗੁਲਾਬੀ ਹੋਠ, ਗੋਰਾ ਰੰਗ, ਖੱਬੀ ਗੱਲ੍ਹ ’ਤੇ ਤਿਲ ਹੈ।

ਕਦੇ ਉਹ ਬੋਲਦਾ ਹਸਕੇ, ਕਦੇ ਉਹ ਵੱਟਦਾ ਘੂਰੀ,
ਉਨੂੰ ਮਿੱਤਰ ਗਿਣਾਂ, ਦੁਸ਼ਮਣ ਗਿਣਾਂ, ਇਕ ਏਹੀ ਮੁਸ਼ਕਿਲ ਹੈ।

ਉਨ੍ਹਾਂ ਨਜ਼ਰਾਂ ਹੀ ਨਜ਼ਰਾਂ ਵਿਚ ਮੇਰੇ ’ਤੇ ਤੀਰ ਕੱਸੇ ਸਨ,
ਜੋ ਹਸ ਕੇ ਵਾਰ ਸਹਿ ਜਾਂਦੈ, ਇਹ ਯਾਰੋ ਮੇਰਾ ਹੀ ਦਿਲ ਹੈ।

ਜੇ ਆਸ਼ਿਕ ਆਉਣ ਆਈ ’ਤੇ, ਇਹ ਕੱਚਿਆਂ ’ਤੇ ਨੇ ਤਰ ਜਾਂਦੇ,
ਇਹ ਤੋੜਨ ਪਿਆਰ ਲਈ ਪਰਬਤ, ਇਨ੍ਹਾਂ ਦੇ ਲਈ ਕੀ ਮੁਸ਼ਕਿਲ ਹੈ।

ਤੁਹਾਡੇ ਦਿਲ ’ਚ ਵੀ ਜੇ ਗ਼ਮ ਹੈ ਤਾਂ ਉਹ ਦੇ ਦਿਓ ਇਸ ਨੂੰ,
ਇਹ ਸਭ ਦੇ ਗ਼ਮ ਸੰਭਾਲੇਗਾ, ਕਿ ਆਖ਼ਿਰ ਨੂੰ ਮੇਰਾ ਦਿਲ ਹੈ।

ਤੁਸੀਂ ਕੀ ਕਰ ਨਹੀਂ ਸਕਦੇ, ਤੁਸੀਂ ਸੁੱਤੇ ਪਏ ਕਿਉਂ ਹੋ,
ਤੁਸੀਂ ਉਠਕੇ ਜ਼ਰਾ ਦੇਖੋ, ਤੁਹਾਡੇ ਰਾਹ ’ਚ ਮੰਜ਼ਿਲ ਹੈ।

ਐ ਮੇਰੇ ਦੇਸ ਦੇ ਬੱਚਿਓ! ਤੁਸੀਂ ਹੀ ਆਸ ਹੋ ਸਾਡੀ,
ਭਵਿੱਖ ਸਾਡਾ ਤੁਹਾਡੇ ਆਉਣ ਵਾਲੇ ਕੱਲ੍ਹ ’ਚ ਸ਼ਾਮਿਲ ਹੈ।

ਨਹੀਂ ਰੁਕਦੇ ਕਿਸੇ ਵੇਲੇ ਵੀ ਉਹ ਝਖੜਾਂ ਤੁਫਾਨਾਂ ਤੋਂ,
ਇਰਾਦਾ ਦਿਲ ’ਚ ਜੋ ਧਾਰਨ, ਉਨ੍ਹਾਂ ਦੇ ਰਾਹ ’ਚ ਮੰਜ਼ਿਲ ਹੈ।

ਤੁਸੀਂ ਆ ਜਾਉ ਹੁਣ ਛੇਤੀ, ਤੁਸੀਂ ਤੜਪਾ ਰਹੇ ਕਿਉਂ ਹੋ,
ਉਡੀਕੇ ਮੌਤ ‘ਦਰਦੀ’ ਨੂੰ ਤੁਹਾਡੇ ਆਉਣ ਦੀ ਢਿਲ ਹੈ।

★

**(ਅਠਾਈ)**

ਜ਼ੁਲਮ ਲਈ ਤਲਵਾਰ ਹੈ ਮੇਰੀ ਗ਼ਜ਼ਲ।
ਬੇ-ਕਸਾਂ ਦੀ ਯਾਰ ਹੈ ਮੇਰੀ ਗ਼ਜ਼ਲ।

ਪਿਆਰ ਦੇ ਲਈ ਪਿਆਰ ਹੈ ਮੇਰੀ ਗ਼ਜ਼ਲ,
ਵੈਰੀ ਲਈ ਲਲਕਾਰ ਹੈ ਮੇਰੀ ਗ਼ਜ਼ਲ।

ਝੂਠ ਨੂੰ ਲਾਗੇ ਨਾ ਲੱਗਣ ਦੇਵੇ ਇਹ,
ਕਿਉਂ ਕਿ ਸਚ ਦੀ 'ਵਾਰ' ਹੈ ਮੇਰੀ ਗ਼ਜ਼ਲ।

ਤਕੜੇ ਮਾੜੇ ਦਾ ਨਾ ਕੋਈ ਭੇਦ ਹੈ,
ਲੈਂਦੀ ਸਭ ਦੀ ਸਾਰ ਹੈ ਮੇਰੀ ਗ਼ਜ਼ਲ।

ਇਸ 'ਚ ਮੇਰੇ ਖ਼ੂਨ ਦਾ ਹੀ ਰੰਗ ਹੈ,
ਮੇਰੀ ਹੀ ਮਹਿਕਾਰ ਹੈ ਮੇਰੀ ਗ਼ਜ਼ਲ।

'ਸੰਧੂ' ਜੀ ਦਾ ਹੱਥ ਹੈ ਸਿਰ 'ਤੇ ਮੇਰੇ,
ਤਾਂ ਹੀ ਪਾਏਦਾਰ ਹੈ ਮੇਰੀ ਗ਼ਜ਼ਲ।

ਖੁਸ਼ੀਆਂ, ਗ਼ਮੀਆਂ, ਦਰਦ, ਹਾਸੇ ਇਸ 'ਚ ਨੇ,
ਸਰਬ-ਰਸ ਭੰਡਾਰ ਹੈ ਮੇਰੀ ਗ਼ਜ਼ਲ।

✶

## (ਉਨੱਤੀ)

ਕੁਝ ਕੁ ਦਿਨ ਦੀ ਜ਼ਿੰਦਗੀ ਮਹਿਮਾਨ ਹੈ।
ਫਿਰ ਵੀ ਮੇਰੇ ਚਿਹਰੇ 'ਤੇ ਮੁਸਕਾਨ ਹੈ।

ਸ਼ਕਲ ਤੋਂ ਜੋ ਜਾਪਦਾ ਭਗਵਾਨ ਹੈ।
ਛੁਪਿਆ ਅੰਦਰ ਓਸ ਦੇ ਸ਼ੈਤਾਨ ਹੈ।

ਕਿਸ ਤਰ੍ਹਾਂ ਦਾ ਦੌਰ ਖ਼ੂਨੀ ਚਲ ਪਿਆ,
ਬਣ ਗਿਆ ਹਰ ਵਿਹੜਾ ਹੀ ਸ਼ਮਸ਼ਾਨ ਹੈ।

ਨਾ ਕੋਈ ਕੋਇਲ ਨੂੰ ਪੁੱਛੇ ਦੋਸਤੋ,
ਕਾਂ ਦਾ ਅਜ-ਕਲ੍ਹ ਹੋ ਰਿਹਾ ਸਨਮਾਨ ਹੈ।

ਸੱਜਣਾਂ ਨੇ ਪਿਆਰ ਵਿਚ ਦਿੱਤੇ ਜੋ ਗ਼ਮ,
ਮੇਰੀਆਂ ਗ਼ਜ਼ਲਾਂ ਲਈ ਵਰਦਾਨ ਹੈ।

ਦਿਲ ਦੇ ਵੱਟੇ ਦੇ ਗਿਆ ਛੱਲਾ ਸਜਨ,
ਵੇਖ ਲਉ ਕਿੱਦਾਂ ਦਾ ਬੇਈਮਾਨ ਹੈ।

ਉਸ ਦੇ ਬਿਨ ਜੀਵਾਂਗਾ ਦੱਸੋ ਕਿੰਝ ਮੈਂ,
ਮੇਰੇ ਯਾਰੋ ਉਹ 'ਤੇ ਮੇਰੀ ਜਾਨ ਹੈ।

ਆਖ਼ਿਰੀ ਵਾਰੀ ਤੂੰ ਆ ਕੇ ਵੇਖ ਜਾ,
ਕੁਝ ਕੁ ਦਿਨ ਦਾ 'ਦਰਦੀ' ਹੁਣ ਮਹਿਮਾਨ ਹੈ।

✶

**(ਤੀਹ)**

ਮੇਰੇ ਦਰਦੀ ਮੇਰੇ ਯਾਰਾ, ਤੇਰਾ ਚੇਤਾ ਨਹੀਂ ਭੁਲਦਾ।
ਤੂੰ ਮੈਨੂੰ ਸਭ ਤੋਂ ਸੀ ਪਿਆਰਾ, ਤੇਰਾ ਚੇਤਾ ਨਹੀਂ ਭੁਲਦਾ।

ਮੈਂ ਤੈਨੂੰ ਪਿਆਰ ਕਰਦਾ ਹਾਂ, ਕਿਵੇਂ ਤੈਨੂੰ ਭੁਲਾ ਦੇਵਾਂ,
ਤੂੰ ਮੇਰਾ ਦਿਲ ਹੈਂ ਦਿਲਦਾਰਾ, ਤੇਰਾ ਚੇਤਾ ਨਹੀਂ ਭੁਲਦਾ।

ਭੁਲਾ ਦੇਵਾਂ ਮੈਂ ਅਪਣੇ ਆਪ ਨੂੰ, ਸਜਣਾ ਇਹ ਸੰਭਵ ਹੈ,
ਭੁਲਾ ਸਕਦਾਂ ਮੈਂ ਜਗ ਸਾਰਾ, ਤੇਰਾ ਚੇਤਾ ਨਹੀਂ ਭੁਲਦਾ।

ਤੇਰੇ ਵਿਚ ਜਾਨ ਸੀ ਮੇਰੀ, ਤੇਰੇ ’ਤੇ ਜਾਨ ਦਿੰਦਾ ਸਾਂ,
ਤੂੰ ਹੀ ਸੈਂ ਜਾਨ ਤੋਂ ਪਿਆਰਾ, ਤੇਰਾ ਚੇਤਾ ਨਹੀਂ ਭੁਲਦਾ।

ਮੈਂ ਭੁਲ ਜਾਵਾਂ ਕਿਵੇਂ ਤੈਨੂੰ, ਕਦੀ ਇਹ ਹੋ ਨਹੀਂ ਸਕਦਾ,
ਤੂੰ ਚਾਹੇ ਭੁੱਲ ਗਿਆਂ ਯਾਰਾ, ਤੇਰਾ ਚੇਤਾ ਨਹੀਂ ਭੁਲਦਾ।

ਬੜੀ ਹੀ ਯਾਦ ਆਉਂਦੀ ਹੈ, ਮੇਰੇ ‘ਦਰਦੀ’ ਤੇਰੀ ਸਭ ਨੂੰ,
ਤੂੰ ਸਭ ਦਾ ਬਣ ਗਿਓਂ ਯਾਰਾ, ਤੇਰਾ ਚੇਤਾ ਨਹੀਂ ਭੁਲਦਾ।

ਤੇਰੇ ਮਗਰੋਂ ਤੇਰੇ ਵਰਗਾ, ਨਹੀਂ ਮਿਲਿਆ ਕੋਈ ‘ਦਰਦੀ’,
ਤੂੰ ਸਭ ਦਾ ਯਾਰ ਸੀ ਯਾਰਾ, ਤੇਰਾ ਚੇਤਾ ਨਹੀਂ ਭੁਲਦਾ।

✶

## (ਇਕੱਤੀ)

ਕਿਉਂ ਦੂਰ ਦੂਰ ਰਹਿੰਨੈਂ, ਦਸਦੇ ਤੂੰ ਕੀ ਗਿਲਾ ਹੈ।
ਪਾਉਂਦਾਂ ਤਿਉੜੀ ਮੱਥੇ, ਕੈਸਾ ਇਹ ਮਾਮਲਾ ਹੈ।

ਗ਼ੈਰਾਂ ਦੇ ਪਿੱਛੇ ਫਿਰਦੈਂ, ਮੈਨੂੰ ਵੀ ਛੱਡਦਾ ਨਹੀਂ,
ਮੈਨੂੰ ਸਮਝ ਨਾ ਆਵੇ, ਇਹ ਕੀ ਮੁਆਮਲਾ ਹੈ।

ਹੁਣ ਲੁੱਟ ਪੁੱਟ ਕੇ ਮੈਨੂੰ, ਹੋਇਆ ਅਮੀਰ ਜਿਹੜਾ,
ਉਹ ਕਹਿ ਰਿਹਾ ਹੈ, ਅਪਣਾ ਦਸ ਕੀ ਮੁਕਾਬਲਾ ਹੈ।

ਪਾਸਾ ਘੁਮਾ ਕੇ ਲੰਘਦਾ, ਜਦ ਵੇਖਦਾਂ ਤੂੰ ਮੈਨੂੰ,
ਦਸਦੇ ਤੂੰ ਯਾਰ ਖੁੱਲ ਕੇ, ਜੇਕਰ ਕੋਈ ਗਿਲਾ ਹੈ।

ਜੇ ਹੋਰ ਕੋਈ ਹੁੰਦਾ, ਭੱਜਦਾ ਮੈਦਾਨ ਛੱਡ ਕੇ,
ਡਟਿਆਂ ਮੈਂ ਵਾਂਗ ਪਰਬਤ, ਮੇਰਾ ਹੀ ਹੌਸਲਾ ਹੈ।

ਚਮਚਾ-ਗਿਰੀ ਕਰੋਗੇ ਤਾਂ ਸਾਬ੍ਹ ਖੁਸ਼ ਰਹੇਗਾ,
ਜੇ ਸਾਬ੍ਹ ਦੀ ਨਾ ਮੰਨੋ, ਹੁੰਦਾ ਤਬਾਦਲਾ ਹੈ।

ਬਚਕੇ ਰਹੀਂ ਇਹਨ੍ਹਾਂ ਤੋਂ, ਕਰਦੇ ਜੋ ਅੱਲਾ ਅੱਲਾ,
ਮੂੰਹ ’ਤੇ ਨਕਾਬ ਪਾਇਆ, ਠੱਗਾਂ ਦਾ ਕਾਫ਼ਿਲਾ ਹੈ।

ਅਣਜੋੜ ਜੋੜ ਹੈ ਤਾਂ, ਜੀਵਨ ਹੈ ਨਰਕ ਵਰਗਾ,
ਸਾਥੀ ਮਿਲੇ ਜੇ ਚੰਗਾ, ਜੀਵਨ ਸੁਆਦਲਾ ਹੈ।

ਚੰਨ ਵਾਂਗ ਪਿਆਰਾ ਲੱਗਦੈ, ਮੈਨੂੰ ਤਾਂ ਮੇਰਾ ‘ਦਰਦੀ’,
ਚਾਹੇ ਉਹ ਰੰਗ ਦਾ ਗੋਰਾ, ਚਾਹੇ ਉਹ ਸਾਂਵਲਾ ਹੈ।

✶

**(ਬੱਤੀ)**

ਆ ਬੈਠ ਕੋਲ ਮੇਰੇ, ਤੈਨੂੰ ਗਿਣਾਵਾਂ ਸਾਰੇ।
ਤੇਰੇ ਬਿਨਾਂ ਨੇ ਸਜਣਾ, ਜਿਹੜੇ ਮੈਂ ਦਿਨ ਗੁਜ਼ਾਰੇ।

ਮੈਨੂੰ ਨੇ ਯਾਦ ਆਉਂਦੇ, ਤੇਰੇ ਉਦੋਂ ਇਸ਼ਾਰੇ,
ਰਾਤਾਂ ਨੂੰ ਜਦ ਵੀ ਸਜਣਾ, ਹਨ ਟਿਮਟਮਾਉਂਦੇ ਤਾਰੇ।

ਜਦ ਵੇਖ ਵੇਖ ਹਸ ਕੇ, ਪਾ ਲੈਣ ਨੀਵੀਂ ਦਿਲਬਰ,
ਉਸ ਵਕਤ ਦੇ ਨਜ਼ਾਰੇ, ਲਗਦੇ ਬੜੇ ਨੇ ਪਿਆਰੇ।

ਖ਼ੁਦ ਕੀ ਸਹਾਰਾ ਬਨਣਾ, ਉਹਨਾਂ ਕਦੇ ਕਿਸੇ ਦਾ,
ਲਭਦੇ ਪਏ ਜੋ ਥਾਂ ਥਾਂ, ਅਪਣੇ ਲਈ ਸਹਾਰੇ।

ਸਾਨੂੰ ਹਰਾ ਨਾ ਸਕਿਆ, ਚਾਹੇ ਜ਼ਮਾਨਾ ਸਾਰਾ,
ਪਰ ਤੇਰੇ ਅੱਗੇ ਸੱਜਣਾ, ਆਪਾਂ ਹਮੇਸ਼ਾ ਹਾਰੇ।

ਹੁਣ ਆਖ਼ਰੀ ਸਮਾਂ ਹੈ, ਮਿਲਣੇ ਨੂੰ ਦਿਲ ਹੈ ਕਰਦਾ,
ਸ਼ਾਇਦ ਉਹ ਰੱਬਾ ਆਵੇ, ਕੁਝ ਦੇ ਦੇ ਦਿਨ ਉਧਾਰੇ।

ਪਾ ਖ਼ੈਰ ਪਿਆਰ ਦੀ ਤੂੰ, ਦਰ 'ਤੇ ਖੜ੍ਹਾ ਹੈ 'ਦਰਦੀ',
ਸਜਣਾ ਨਾ ਮੋੜ ਖਾਲੀ, ਫ਼ੱਕਰ ਖੜੇ ਦੁਆਰੇ।

✶

## (ਤੇਤੀ)

ਦਿਲੋਂ ਖੋਟੇ ਨੇ ਜੋ ਸੱਜਣ, ਉਹਨਾਂ ਨੂੰ ਪਿਆਰ ਕੀ ਕਰਨਾ।
ਜੋ ਮੰਗੇ ਪਿਆਰ ਦੀ ਕੀਮਤ, ਅਸਾਂ ਦਿਲਦਾਰ ਕੀ ਕਰਨਾ।

ਜਿਦ੍ਹੇ ਦਿਲ ਵਿਚ ਨਹੀਂ ਗ਼ਮ, ਇੰਝ ਦਾ ਗ਼ਮਖ਼ਾਰ ਕੀ ਕਰਨਾ,
ਜੋ ਦਿਲ ਦਾ ਦਰਦਾ ਨਾ ਜਾਣੇ, ਅਜਿਹਾ ਯਾਰ ਕੀ ਕਰਨਾ।

ਜਿਨ੍ਹੇਂ ਸ਼ੀਸ਼ਾ ਸਮਝ ਕੇ ਤੋੜਿਆ, ਤੈਨੂੰ ਹਰਿਕ ਵਾਰੀ,
ਤੂੰ ਹੀ ਫਿਰ ਦਸ ਦਿਲਾ, ਉਸ ਦਾ ਭਲਾ ਇਤਬਾਰ ਕੀ ਕਰਨਾ।

ਘੜੀ ਪਲ ਦਾ ਨਹੀਂ ਏਥੇ, ਭਰੋਸਾ ਐ ਮੇਰੀ ਜਿੰਦੇ,
ਤਾਂ ਦੱਸੀ ਉਮਰ ਭਰ ਦੇ ਸਾਥ ਦਾ ਇਕਰਾਰ ਕੀ ਕਰਨਾ।

ਜਦੋਂ ਉਹ ਵੇਖਦਾ ਮੈਨੂੰ, ਤਾਂ ਘੂਰੀ ਵੱਟ ਕੇ ਲੰਘ ਜਾਂਦੈ,
ਦਿਲਾ ਫਿਰ ਉਸ ਦੇ ਅੱਗੇ ਪਿਆਰ ਦਾ, ਇਜ਼ਹਾਰ ਕੀ ਕਰਨਾ।

ਜੇ ਸਾਥੀ ਦਿਲ ਨੂੰ ਭਾਅ ਜਾਵੇ, ਤਾਂ ਕੁੱਲੀ ਵੀ ਬਣੇ ਜੰਨਤ,
ਜਿਨੂੰ ਵਰ ਹੀ ਨਹੀਂ ਭਾਇਆ, ਉਨ੍ਹੇ ਘਰ-ਬਾਰ ਕੀ ਕਰਨਾ।

ਜੋ ਛੱਡ ਕੇ ਅਜ ਤੈਨੂੰ, ਹੋਰ ਦੇ ਸੰਗ ਤੁਰ ਗਿਆ 'ਦਰਦੀ'
ਉਹ ਦਲ ਬਦਲੂ ਹੈ ਸੱਜਣ, ਉਸ ਦਾ ਇਤਬਾਰ ਕੀ ਕਰਨਾ।

✶

**(ਚੌਤੀ)**

ਬੀਤੀ ਜੋ ਮੇਰੇ ਦਿਲ 'ਤੇ, ਤੇਰੇ ਤੋਂ ਦੂਰ ਹੋ ਕੇ।
ਸ਼ੇਅਰਾਂ 'ਚ ਲਿਖ ਰਿਹਾ ਹਾਂ, ਸ਼ਬਦਾਂ 'ਚ ਉਹ ਪਰੋ ਕੇ।

ਜੇ ਦਿਲ 'ਚ ਪਿਆਰ ਹੈ ਤਾਂ, ਦਸ ਜਾ ਕਰੀਬ ਹੋ ਕੇ,
ਕੀ ਵੇਖਦਾਂ ਤੂੰ ਯਾਰਾ, ਮੁੜ-ਮੁੜ ਖਲੋ-ਖਲੋ ਕੇ।

ਕਿਉਂ ਕਰ ਮੈਂ ਜਾਵਾਂ ਮੱਕੇ, ਕਿਉਂ ਕਰ ਮੈਂ ਜਾਵਾਂ ਕਾਸ਼ੀ,
ਮੈਨੂੰ ਤਾਂ ਯਾਰ ਦਿਸਦੈ ਅੱਖੀਆਂ ਦੇ ਬਾਰ ਢੋ ਕੇ।

ਨਾ ਦਿਨ ਨੂੰ ਚੈਨ ਆਵੇ, ਨਾ ਨੀਂਦ ਰਾਤ ਨੂੰ ਹੀ,
ਉਹ ਤੀਰ ਨੈਣਾਂ ਵਾਲੇ, ਐਸੇ ਗਿਆ ਚੁਭੋ ਕੇ।

ਵੇਖੇਗਾ ਜੋ ਵੀ ਤੈਨੂੰ, ਆਖੇਗਾ ਬੇਵਫ਼ਾ ਹੀ,
ਲੰਘੇਗਾ ਕਿਸ ਤਰ੍ਹਾਂ ਤੂੰ, ਮਿੱਤਰਾਂ ਤੋਂ ਮੂੰਹ ਲੁਕੋ ਕੇ।

ਮਹਿਬੂਬ ਮੇਰਾ ਆਇਆ, ਜਦ ਵਰ੍ਹਿਆਂ ਪਿੱਛੋਂ ਘਰ ਨੂੰ,
ਦਰ ਤੋਂ ਲੰਘਾਇਆ ਆਪਾਂ, ਹੰਝੂ ਖੁਸ਼ੀ ਦੇ ਚੋ ਕੇ।

ਤੈਨੂੰ ਮੈਂ ਆਖਿਆ ਸੀ, ਨਾ ਪਿਆਰ ਕਰ ਦਿਲਾ ਤੂੰ,
ਹੁਣ ਕਿਉਂ ਸੁਣਾਉਂਦਾਂ ਅਪਣਾ, 'ਦਰਦੀ' ਨੂੰ ਹਾਲ ਰੋ ਕੇ।

✶

## (ਪੈਂਤੀ)

ਸਮਝੇ ਸੀ ਜਿਸਨੂੰ ਅਪਣਾ, ਉਹ ਹੋ ਗਿਆ ਪਰਾਇਆ।
ਆਉਂਦੀ ਹੈ ਯਾਦ ਉਸਦੀ, ਭੁਲਦਾ ਨਹੀਂ ਭੁਲਾਇਆ।

ਵਗਦੀ ਨਦੀ ਦੇ ਵਾਂਗੂੰ, ਵਗਦੇ ਰਹੇ ਨੇ ਹੰਝੂ,
ਮੈਨੂੰ ਜਦੋਂ ਕਦੇ ਵੀ ਮਹਿਬੂਬ ਯਾਦ ਆਇਆ।

ਮੇਰੇ ਪਿਆਰ ਵਾਲਾ ਦੀਪਕ, ਹੱਥੀਂ ਬੁਝਾ ਗਏ ਉਹ,
ਜਿਹਨਾਂ ਲਈ ਸੀ ਉਸ ਵਿਚ, ਮੈਂ ਦਿਲ ਦਾ ਖ਼ੂਨ ਪਾਇਆ।

ਦਿਲ ਲੈ ਗਿਆ ਜਦੋਂ ਦਾ, ਸੱਜਣ ਚੁਰਾ ਕੇ ਮੇਰਾ,
ਅਪਣੇ ਤੋਂ ਹੀ ਉਦੋਂ ਦਾ, ਮੈਂ ਹੋ ਗਿਆਂ ਪਰਾਇਆ।

ਕਿੱਦਾਂ ਬਹਾਰ ਆਈ, ਕਿੱਦਾਂ ਗੁਲਾਬ ਟਹਿਕੇ,
ਕਿੱਦਾਂ ਫ਼ਿਜ਼ਾ ਸੀ ਮਹਿਕੀ, ਜਦ ਯਾਰ ਮੁਸਕਰਾਇਆ।

ਲਗਦੈ ਉਨ੍ਹਾਂ ਦੀ ਇਹ ਵੀ, ਹੋਣੀ ਏ ਚਾਲ ਕੋਈ,
ਮੇਰੇ ਯਾਰ ਨੂੰ ਜੋ ਦੁਸ਼ਮਣ, ਲੈ ਕੇ ਹੈ ਨਾਲ ਆਇਆ।

ਵਰ੍ਹਿਆਂ ਦੇ ਬਾਅਦ ਮੈਨੂੰ, ਮਿਲਿਆ ਜਦੋਂ ਉਹ ਆ ਕੇ,
ਸ਼ਿਕਵੇ ਗਿਲੇ ਭੁਲਾ ਕੇ, ਗਲ ਨਾਲ ਉਸ ਨੂੰ ਲਾਇਆ।

ਦੁਸ਼ਮਣ ਦੇ ਸਾਹਮਣੇ ਵੀ, ਝੁਕਿਆ ਨਾ ਜੋ ਕਦੇ ਸੀ,
ਉਹ ਸਿਰ ਵੀ ਸਜਣਾ ਮੈਂ, ਤੇਰੇ ਦਰ 'ਤੇ ਹੈ ਝੁਕਾਇਆ।

ਕਰ ਕੇ ਇਲਾਜ਼ ਮੇਰਾ, ਸਭ ਵੈਦ ਥੱਕ ਗਏ ਨੇ,
ਕੇਹੋ ਜਿਹਾ ਹੈ ਰੱਬਾ, ਸੱਜਣਾਂ ਨੇ ਰੋਗ ਲਾਇਆ।

ਦਿਨ ਨੂੰ ਨਾ ਚੈਨ ਆਵੇ, ਰਾਤਾਂ ਦੀ ਨੀਂਦ ਉੱਡੀ,
ਤੇਰੇ ਦਿਲ ਦੇ ਨਾਲ ਜਦ ਦਾ 'ਦਰਦੀ' ਮੈਂ ਦਿਲ ਮਿਲਾਇਆ।

✶

## (ਛੱਤੀ)

## (ਕੇਵਲ ਮਤਲਿਆਂ ਵਾਲੀ ਗ਼ਜ਼ਲ)

ਵੇਖ ਆ ਕੇ ਹਾਲ ਅਪਣੇ ਯਾਰ ਦਾ।
ਨਹੀਂ ਪਤਾ ਕੁਝ ਇਸ਼ਕ ਦੇ ਬੀਮਾਰ ਦਾ।

ਇਹ ਸਿਲਾ ਚੰਗਾ ਤੂੰ ਦਿੱਤਾ ਪਿਆਰ ਦਾ।
ਕੱਢ ਮਤਲਬ ਹੁਣ ਤੂੰ ਝਿੜਕਾਂ ਮਾਰਦਾ।

ਬਣ ਗਿਆ ਦਸਤੂਰ ਇਹ ਸੰਸਾਰ ਦਾ।
ਆਪਣਾ ਹੀ ਆਪਣੇ ਨੂੰ ਮਾਰਦਾ।

ਹਰ ਸਮੇਂ ਦਿਲ ਸੋਚਦਾ ਰੁਜ਼ਗਾਰ ਦਾ।
ਤੂੰ ਹੀ ਦਸ ਫਿਰ ਕਿੰਝ ਸੋਚਾਂ ਪਿਆਰ ਦਾ।

ਠੀਕ ਕਰਦੇ ਹਾਲ ਆ, ਬੀਮਾਰ ਦਾ।
ਭੁੱਖਾ ਹਾਂ ਬਸ ਤੇਰੇ ਹੀ ਦੀਦਾਰ ਦਾ।

ਰੋਗ ਲਾ ਬੈਠੀਂ ਨਾ 'ਦਰਦੀ' ਪਿਆਰ ਦਾ।
ਇਹ ਨਾ ਛਡਦਾ ਆਰ ਦਾ, ਨਾ ਪਾਰ ਦਾ।

ਸ਼ੁਕਰ ਕਰ 'ਦਰਦੀ' ਤੂੰ ਉਸ ਕਰਤਾਰ ਦਾ।
ਦਿੱਤਾ ਹੈ ਜਿਸ ਤੈਨੂੰ ਸੁੱਖ ਸੰਸਾਰ ਦਾ।

✶

## (ਸੈਂਤੀ)

ਇਧਰ ਸਕੂਲੇ ਰੌਲਾ ਪੈਂਦਾ, ਕੁੜੀਆਂ ਖੇਡਦੀਆਂ।
ਓਧਰ ਵਿਹਲੀਆਂ ਬੈਠ ਸਵਾਟਰ, ਬੁਣਦੀਆਂ ਭੈਣਜੀਆਂ।

ਦਾਦੀ, ਨਾਨੀ ਦੀ ਬੁੱਕਲ ਵਿਚ ਸੌਣ ਲਈ ਲੜਨਾ,
ਕਿੱਥੇ ਰੁੱਤਾਂ ਉੱਡ ਗਈਆਂ ਉਹ ਬਾਤਾਂ ਪਾਉਣਦੀਆਂ।

ਇਹਨਾਂ ਨੂੰ ਕੀ ਖ਼ਬਰ ਕਿ ਬਿੱਲਾ ਸ਼ਹਿ ’ਤੇ ਬੈਠਾ ਹੈ,
ਮੌਤੋਂ ਬੇਪਰਵਾਹ ਹੋ ਕੇ ਜੋ, ਚਿੜੀਆਂ ਚਹਿਕਦੀਆਂ।

ਲਗਦਾ ਹੈ ਹੁਣ ਪਰਲੋ ਆਊ, ਜਾਂ ਕੋਈ ਤੂਫ਼ਾਨ,
ਗੱਲਾਂ ਉੱਡ ਗਈਆਂ ਨੇ ਤੇਰੇ-ਮੇਰੇ ਪਿਆਰ ਦੀਆਂ।

ਛਡ ਚੱਲਿਆਂ ਤੂੰ ਮੈਨੂੰ, ਰੱਖੀਂ ਯਾਦ ਇਹ ਮੇਰੀ ਗੱਲ,
ਰੋਵੇਂਗਾ ਤੂੰ ਯਾਰਾ ਜਦ ਵੀ ਯਾਦਾਂ ਆਉਣਗੀਆਂ।

ਤਦ ਤੋਂ ਹੀ ਇਹ ਬਿਰਹਣ ਧਰਤੀ ਪੈਰ ਨਹੀਂ ਲਾਉਂਦੀ,
ਜਦ ਤੋਂ ਮਿਲੀਆਂ ਖ਼ਬਰਾਂ ਪਰਦੇਸੀ ਦੇ ਆਉਣ ਦੀਆਂ।

ਆਪਾਂ ਕਿਹੜੇ ਰੱਬ ਦੇ ਮਾਂਹ ਮਾਰੇ ਨੇ ਐ ‘ਦਰਦੀ’,
ਗ਼ਮੀਆਂ ਪਿੱਛੋਂ ਸਾਡੇ ਘਰ ਵੀ ਖੁਸ਼ੀਆਂ ਆਉਣਗੀਆਂ।

‘ਦਰਦੀ’ ਯਾਰਾ! ਅਜ ਤਾਂ ਤੇਰੀ ਖ਼ੈਰ ਨਹੀਂ ਲੱਗਦੀ,
ਸ਼ਹਿਰੋਂ ਆਈਆਂ ਕੁੜੀਆਂ, ਤੇਰਾ ਘਰ ਨੇ ਪੁੱਛਦੀਆਂ।

ਇਹਨਾਂ ਕੁੜੀਆਂ ਇਕ ਦਿਨ ਇਹ ਘਰ ਛਡ ਜਾਣੈ ‘ਦਰਦੀ’
ਨਾਲ ਪਟੋਲਿਆਂ ਜੋ ਬਾਬਲ ਦੇ ਘਰ ਵਿਚ ਖੇਡਦੀਆਂ।

✶

## (ਅਠੱਤੀ)

ਜਾਨ ਤੋਂ ਵੱਧ ਮੈਨੂੰ ਪਿਆਰੇ ਦੋਸਤਾ।
ਆ ਜਾ ਤੂੰ ਹੁਣ, ਲਾ ਨਾ ਲਾਰੇ ਦੋਸਤਾ।

ਆ ਜਾ ਦੱਸਾਂ ਤੈਨੂੰ ਪਿਆਰੇ ਦੋਸਤਾ।
ਬਿਨ ਤੇਰੇ ਕਿੰਞ ਦਿਨ ਗੁਜ਼ਾਰੇ ਦੋਸਤਾ।

ਅਜ ਤੂੰ ਏਧਰ ਆਉਣਾ ਹੈ, ਤਾਂ ਹੀ ਤਾਂ ਮੈਂ,
ਰਾਹਾਂ ਵਿਚ ਨੇ ਫੁਲ ਖਿਲਾਰੇ ਦੋਸਤਾ।

ਛੱਡ ਨਾ ਮੈਨੂੰ ਤੂੰ ਇਉਂ ਮਝਧਾਰ ਵਿਚ,
ਲਾ ਦੇ ਤੂੰ ਮੈਨੂੰ ਕਿਨਾਰੇ ਦੋਸਤਾ।

ਬਾਤ ਪਾਉਂਦੇ ਨੂੰ ਨੇ ਬੀਤੇ ਸਾਲ ਕਈ,
ਹੁਣ ਤਾਂ ਤੂੰ ਭਰਦੇ ਹੁੰਗਾਰੇ ਦੋਸਤਾ।

ਜਦ ਤੋਂ ਕੀਤਾ ਹੈ ਮੈਂ ਤੇਰੇ ਨਾਲ ਪਿਆਰ,
ਤਦ ਤੋਂ ਗੁੱਸੇ ਹੋਏ ਸਾਰੇ ਦੋਸਤਾ।

ਤੇਰੇ ਬਿਨ ਕੋਈ ਸਹਾਰਾ ਨਾ ਮੇਰਾ,
ਤੂੰ ਤਾਂ ਲੱਭ ਲਏ ਸਹਾਰੇ ਦੋਸਤਾ।

ਆਜਾ ਤੂੰ ਛੇਤੀ, ਉਡੀਕਾਂ ਤੈਨੂੰ ਮੈਂ,
ਬਿਨ ਤੇਰੇ ਚਾਅ ਨੇ ਕੁਆਰੇ ਦੋਸਤਾ।

✶

## (ਉਨਤਾਲੀ)

ਯਾਰੋ ਜੇਕਰ ਮੈਂ ਵੀ ਇਕ ਪੱਥਰ ਹੁੰਦਾ।
ਪੂਜਣ ਦੇ ਲਈ ਰੱਖਿਆ ਮੈਂ ਘਰ ਘਰ ਹੁੰਦਾ।

ਸੀਸ ਤਲੀ 'ਤੇ ਧਰ ਆਇਆਂ ਮੈਂ, ਆ ਸਾਹਵੇਂ,
ਜ਼ੁਲਮ ਨਹੀਂ ਤੇਰਾ ਹੁਣ ਜ਼ਾਲਿਮ, ਜ਼ਰ ਹੁੰਦਾ।

ਕੈਸੀ ਹੈ ਇਹ ਯਾਰੀ ਤੇਰੀ ਯਾਰਾ ਵੇ,
ਕਰਕੇ ਵਾਅਦਾ ਏਧਰ, ਤੂੰ ਓਧਰ ਹੁੰਦਾ।

ਸਭ ਤੋਂ ਕਰਮਾਂ ਵਾਲਾ ਹੁੰਦਾ ਯਾਰਾ ਮੈਂ,
ਦਿਲ ਤੇਰੇ ਵਿਚ ਜੇਕਰ ਮੇਰਾ ਘਰ ਹੁੰਦਾ।

ਰੋਗ ਇਹ ਕੇਹਾ ਲਾ ਦਿੱਤਾ ਈ ਓ ਸਜਣਾ,
ਤੈਰੇ ਬਿਨ ਨਾ ਜੀਅ ਹੁੰਦਾ ਨਾ ਮਰ ਹੁੰਦਾ।

ਦਿਲ ਦੀ ਗੱਲ ਨਾ ਸਭ ਨੂੰ ਦਸਿਆ ਕਰ 'ਦਰਦੀ'
ਅਕਸਰ ਘਰ ਦਾ ਭੇਤੀ ਹੀ ਮੁਖ਼ਬਰ ਹੁੰਦਾ।

✶

## (ਚਾਲੀ)

ਇਕ ਵਾਰ ਜ਼ੁਬਾਨੀ ਆਖ ਸਹੀ, ਮੈਂ ਸੀਸ ਤਲੀ ਧਰ ਆਵਾਂ।
ਤੇਰੀ ਖ਼ਾਤਿਰ ਸਜਣਾਂ ਮੈਂ ਤਾਂ, ਕਚਿਆਂ 'ਤੇ ਤਰ ਜਾਵਾਂ।

ਦਿਲ ਦੀ ਤਖ਼ਤੀ ਉੱਤੇ ਲਿਖਿਆ, ਨਾਂ ਤੇਰਾ ਮੈਂ ਸਜਣਾ,
ਆਉਂਦਾ  ਨਹੀਂ ਯਕੀਨ ਜੇ ਤੈਨੂੰ, ਮੈਂ ਦਿਲ ਚੀਰ ਵਿਖਾਵਾਂ।

ਜਿਸ ਦੀ ਝੋਲੀ ਪਾਏ ਸੀ ਮੈਂ ਹਾਸੇ, ਖੁਸ਼ੀਆਂ, ਖੇੜੇ,
ਉਸ ਨੇ ਮੇਰੀ ਝੋਲੀ ਪਾਏ, ਹੰਝੂ, ਹੌਕੇ, ਹਾਵਾਂ।

ਦਹਿਸ਼ਤ ਚਾਰੇ ਪਾਸੇ ਕੇਹੀ ਫੈਲ ਗਈ ਹੈ ਰੱਬਾ,
ਵਢ੍ਹ-ਵਢ੍ਹ ਖਾਣ ਨੂੰ ਆਉਂਦਾ ਹੈ ਅਜ ਆਪਣਾ ਹੀ ਪਰਛਾਵਾਂ।

ਪਿੰਡਾਂ ਵਿਚ ਸਿਆਸਤ ਵੜ ਗਈ ਹੁਣ ਨਈ੍ਹ ਖ਼ੈਰ ਕਿਸੇ ਦੀ,
ਘਰ ਘਰ  ਦੇ ਵਿਚ ਪਾਈਆਂ ਵੰਡਾਂ, ਸਕਿਆਂ ਭੈਣ ਭਰਾਵਾਂ।

ਨਾਲ ਰਕੀਬਾਂ ਸੱਜਣ ਤੁਰ ਗਿਆ, ਜਦ ਤੈਨੂੰ ਹੀ ਛਡ ਕੇ,
ਤੂੰ ਵੀ ਦਿਲ 'ਚੋਂ ਕਢ ਦੇ 'ਦਰਦੀ' ਉਸਦਾ ਨਾਂ-ਸਿਰਨਾਵਾਂ।

✶

## (ਇਕਤਾਲੀ)

ਦਿਲ ਦੀ ਇਹ ਖੇਡ ਛਡਦੇ, ਔਖੀ ਬੜੀ ਏ ਯਾਰਾ।
ਨਾ ਇਸਦੀ ਕੋਈ ਮੰਜ਼ਿਲ, ਨਾ ਏਸ ਦਾ ਕਿਨਾਰਾ।

ਅਪਣਾ ਨਾ ਮੇਲ ਕੋਈ, ਮੁੜ ਜਾ ਅਜੇ ਵੀ ਯਾਰਾ,
ਮਹਿਲੀਂ ਤੂੰ ਵੱਸਦਾ ਹੈਂ, ਸਾਡਾ ਹੈ ਕੱਚਾ ਢਾਰਾ।

ਜੋ ਚੂੰਢ-ਚੂੰਢ ਮੈਨੂੰ, ਲੈਂਦਾ ਪਿਐ ਨਜ਼ਾਰਾ,
ਮੇਰਾ ਖ਼ੂਨ ਪੀ ਕੇ ਉਸ ਨੂੰ ਆਉਂਦੈ ਬੜਾ ਹੁਲਾਰਾ।

ਕੈਸੀ ਇਹ ਤੇਰੀ ਲੀਲ੍ਹਾ, ਇਕ ਵਾਰ ਦਸ ਤੂੰ ਰੱਬਾ,
ਇਕ ਮਾਲਦਾਰ ਸਾਮੀ, ਇਕ ਦਾ ਨਾ ਹੈ ਗੁਜ਼ਾਰਾ।

ਇਨਸਾਨ ਹਾਂ ਮੈਂ ਲੋਕੋ, ਮੈਨੂੰ ਨੇ ਸਭ ਬਰਾਬਰ,
ਮੇਰੇ ਲਈ ਨੇ ਇੱਕੋ, ਮੰਦਿਰ ਤੇ ਗੁਰਦੁਆਰਾ।

ਕੁੜੀਆਂ ਵੀ ਮੁੰਡਿਆਂ ਵਾਂਗੂੰ, ਹੁਣ ਪਾਉਣ ਜੀਨ ਪੈਂਟਾਂ,
ਫੁਲਕਾਰੀ ਗਈ ਏ ਕਿੱਥੇ, ਕਿੱਥੇ ਗਿਆ ਗਰਾਰਾ।

ਛਡਕੇ ਤੂੰ ਮੈਨੂੰ ਚਾਹੇ, ਕਿੰਨੇ ਬਣਾ ਲੈ ਮਿੱਤਰ,
ਐਪਰ ਤੇਰਾ ਸੀ 'ਦਰਦੀ', ਤੇਰਾ ਰਹੇਗਾ ਯਾਰਾ।

✶

## (ਬਤਾਲੀ)

ਰੋ ਲਿਆ ਬਹਿ ਕੇ ਇਕੱਲੇ ਜਦ ਵੀ ਤੇਰੀ ਯਾਦ ਆਈ।
ਸਹਿ ਨਹੀਂ ਹੁੰਦੀ ਐ ਸਜਣਾ, ਹੁਣ ਤੇਰੀ ਮੈਥੋਂ ਜੁਦਾਈ।

ਚਾਰੇ ਪਾਸੇ ਹੁਣ ਹਨੇਰਾ ਛਾ ਗਿਐ, ਮੱਚੀ ਦੁਹਾਈ,
ਐ ਖ਼ੁਦਾ ਤੈਨੂੰ ਵੀ ਹੁਣ ਤਾਂ ਭੁੱਲ ਬੈਠੀ ਏ ਖ਼ੁਦਾਈ।

ਹੋ ਜੁਦਾ ਇਕ ਦੂਸਰੇ ਤੋਂ ਕਿੰਜ ਰਹਿ ਲੈਂਦੇ ਨੇ ਲੋਕੀਂ,
ਮਾਰ ਹੀ ਸੁਟਦੀ ਹੈ ਮੈਨੂੰ ਤਾਂ ਤੇਰੀ ਪਲ ਦੀ ਜੁਦਾਈ।

ਹੋ ਗਿਆ ਗੁਮ-ਸੁਮ ਮੇਰਾ ਦਿਲ, ਹੋਸ਼ ਵਿਚ ਆਵੇ ਵਿਚਾਰਾ,
ਐ ਸਜਨ! ਐਸੀ ਪਿਲਾ ਕੋਈ ਪਿਆਰ ਦੀ ਇਸ ਨੂੰ ਦਵਾਈ।

ਯਾਦ ਤੇਰੀ ਵਿਚ ਨੇ ਕੀਕਣ ਰਾਤ ਦਿਨ ਕੱਟੇ, ਮੈਂ ਦੱਸੂੰ,
ਬੇਵਫ਼ਾ ! ਜਦ ਵੀ ਤੂੰ ਕਿਧਰੇ ਭੁਲ-ਭੁਲੇਖੇ ਇਧਰ ਆਈ।

ਦਿਨ ਨੂੰ ਆਵੇ ਚੈਨ ਨਾ ਹੁਣ, ਰਾਤੀਂ ਉੱਡੇ ਨੀਂਦ ਮੇਰੀ,
ਰੋਗ ਕੇਹਾ ਹੈ ਇਹ 'ਦਰਦੀ', ਇਹ ਕਿਹੀ ਹੈ ਪ੍ਰੀਤ ਪਾਈ।

ਕੌਣ ਕਹਿੰਦਾ ਏ ਇਹ 'ਦਰਦੀ', 'ਨੰਗ ਹੈ ਕੰਗਾਲ ਹੈ ਉਹ',
ਹੰਝੂ, ਹੌਕੇ, ਗ਼ਮ ਨੇ ਜਿਸਦੀ, ਜ਼ਿੰਦਗੀ ਭਰ ਦੀ ਕਮਾਈ।

✶

## (ਤ੍ਰਿਤਾਲੀ)

ਖਿੜਨਗੇ ਫਿਰ ਬਾਗ ਵਿਚ ਕਿੱਦਾਂ ਗੁਲਾਬ।
ਨੀਤ ਹੀ ਮਾਲੀ ਦੀ ਜਦ ਹੋਵੇ ਖ਼ਰਾਬ।

ਮੈਂ ਰਕੀਬਾਂ ਨਾਲ ਜਦ ਵੇਖੇ ਜਨਾਬ।
ਸੜ ਗਏ ਮੇਰੇ ਉਦੋਂ ਸਾਰੇ ਹੀ ਖ਼ਾਬ।

ਪੁੱਛ ਨਾ ਕੀਕਣ ਗੁਜ਼ਾਰਾਂ ਦਿਨ ਐ ਦੋਸਤ,
ਹੋ ਗਈ ਤੇਰੇ ਬਿਨਾਂ ਹਾਲਤ ਖ਼ਰਾਬ।

ਜਾਗ ਆਈ ਤਾਂ ਉਹ ਹੋ ਗਏ ਚਿਕਨਾ-ਚੂਰ,
ਨੀਂਦ ਵਿਚ ਵੇਖੇ ਸੀ ਜੋ ਸੂਹੇ ਮੈਂ ਖ਼ਾਬ।

ਕਿਸ ਨੂੰ ਰੋਕਣਗੇ, ਨਸ਼ੇ ਤੋਂ ਉਹ ਹਜ਼ੂਰ,
ਭਾਈ, ਪੰਡਿਤ ਆਪ ਪੀਂਦੇ ਨੇ ਸ਼ਰਾਬ।

ਪੜ੍ਹ ਲਵੀਂ ਆ ਕੇ ਜਦੋਂ ਮਰਜ਼ੀ ਤੂੰ ਯਾਰ,
ਜ਼ਿੰਦਗੀ 'ਦਰਦੀ' ਦੀ ਹੈ ਖੁੱਲ੍ਹੀ ਕਿਤਾਬ।

✶

## (ਚੁਤਾਲੀ)

ਤੇਰੇ ਬਿਨਾਂ ਨਾ ਸਜਣਾ, ਹੁਣ ਭਾਉਣ ਇਹ ਬਹਾਰਾਂ।
ਪਤਝੜ ਦੇ ਵਾਂਗ ਜੀਵਨ ਤੇਰੇ ਬਿਨਾਂ ਗੁਜ਼ਾਰਾਂ।

ਰਹਿਣਾ ਹੈ ਬਣ ਕੇ ਆਪਾਂ ਜੀਵਨ-ਸਫ਼ਰ ਦੇ ਸਾਥੀ,
ਸੱਚ ਆਖਦੇ ਨੇ ਲੋਕੀਂ ਇਕ ਇਕ ਤੇ ਦੋ ਗਿਆਰਾਂ।

ਇਹ ਸੋਗਵਾਰ ਮੌਸਮ ਹੁਣ ਮਹਿਕ ਉੱਠਿਆ ਏ,
ਆਏ ਹਜ਼ੂਰ, ਤਾਂ ਹੀ ਆਈਆਂ ਨੇ ਹੁਣ ਬਹਾਰਾਂ।

ਤੂੰ ਤਾਂ ਪਟੇ ਕਰਾ ਲਏ, ਕਟਵਾ ਕੇ ਗੁੱਤ ਅਪਣੀ,
ਤੂੰ ਦੱਸ, ਕਿਸ ਦੀਆਂ ਹੁਣ, ਜੁਲਫ਼ਾਂ ਨੂੰ ਮੈਂ ਸਵਾਰਾਂ?

ਅਜ ਪੌਪ ਚਾਰੇ ਪਾਸੇ, ਸਭ ਨੂੰ ਨਚਾ ਰਿਹਾ ਏ,
ਅਜ ਲੋਕ ਗੀਤ ਕਿੱਥੇ, ਕਿੱਥੇ ਸਲੋਕ, ਵਾਰਾਂ?

ਗੈਰਾਂ 'ਤੇ ਕੀ ਗਿਲਾ ਜੇ, ਉਹਨਾਂ ਨਾ ਪਾਰ ਲਾਇਆ,
ਜਦ ਡੋਬ ਦਿੱਤਾ ਮੈਨੂੰ ਮਿਰੇ ਅਪਣੇ ਹੀ ਯਾਰਾਂ।

ਤੇਰੇ ਜਿਹਾ ਨਾ ਮਿਲਿਆ ਮੈਨੂੰ ਕੋਈ ਵੀ 'ਦਰਦੀ'
ਉਂਝ ਜ਼ਿੰਦਗੀ 'ਚ ਆਏ ਮਿੱਤਰ ਕਈ ਹਜ਼ਾਰਾਂ।

✶

## (ਪੰਜਤਾਲੀ)

ਜੋ ਬੁਜ਼ਦਿਲ ਸਰਕਾਰਾਂ ਕੋਲੋਂ ਡਰਿਆ ਕਰਦੇ ਨੇ।
ਉਹ ਅਕਸਰ ਅਣਿਆਈ ਮੌਤੇ ਮਰਿਆ ਕਰਦੇ ਨੇ।

ਦੁਸ਼ਮਣ ਕੋਲੋਂ ਉਹਨਾਂ ਨੇ ਕੀ ਦੇਸ਼ ਬਚਾਉਣਾ ਹੈ,
ਜੋ ਅਪਣੇ ਪਰਛਾਵੇਂ ਤੋਂ ਵੀ ਡਰਿਆ ਕਰਦੇ ਨੇ।

ਰਹਿੰਦੀ ਦੁਨੀਆਂ ਤਕ ਉਹਨਾਂ ਨੂੰ ਯਾਦ ਕਰੇ ਦੁਨੀਆਂ,
ਹਸ ਹਸ ਕੇ ਜੋ ਦੇਸ਼ ਕੌਮ ਲਈ ਮਰਿਆ ਕਰਦੇ ਨੇ।

ਵੀਰ ਲੜਾਉਣੇ, ਪਾੜੇ ਪਾਉਣੇ, ਦੇਣੇ ਕਤਲ ਕਰਾ,
ਲੀਡਰ ਵੋਟਾਂ ਖ਼ਾਤਿਰ ਇਹ ਸਭ ਕਰਿਆ ਕਰਦੇ ਨੇ।

ਤੂੰ ਤਾਂ ਕਢ ਸਕਦਾ ਨਹੀਂ ਮੇਰੇ ਖ਼ਾਤਿਰ ਇਕ ਪਲ ਵੀ,
ਜਦ ਕਿ ਆਸ਼ਿਕ ਇਕ ਦੂਜੇ ਲਈ ਮਰਿਆ ਕਰਦੇ ਨੇ।

ਕਚਿਆਂ ਉੱਤੇ ਤਰਦੇ, ਨਾਲੇ ਪਰਬਤ ਪੁਟਦੇ ਹਨ,
ਇਸ਼ਕ ਲਈ ਆਸ਼ਿਕ ਸਭ ਹੀਲੇ ਕਰਿਆ ਕਰਦੇ ਨੇ।

ਪੈਰ ਉਹਨਾਂ ਦੇ ਮੰਜ਼ਿਲ ਚੁੰਮਦੀ ਵੇਖੀ ਹੈ 'ਦਰਦੀ'
ਹਸ ਹਸ ਕੇ ਜੋ ਦੁੱਖ ਤਕਲੀਫ਼ਾਂ ਜਰਿਆ ਕਰਦੇ ਨੇ।

✶

## (ਛਿਆਲੀ)

ਮੰਗੀ ਯਾਰ ਪਿਆਰੇ ਕੋਲੋਂ, ਖੁਸ਼ੀਆਂ ਦੀ ਮੈਂ ਦਾਤ।
ਪਰ ਉਸ ਮੇਰੀ ਝੋਲੀ ਪਾਈ, ਹੰਝੂਆਂ ਦੀ ਖ਼ੈਰਾਤ।

ਹਰ ਦਮ ਤਿਲ ਤਿਲ ਮਰਨਾ, ਐਸੇ ਹੋ ਗਏ ਨੇ ਹਾਲਾਤ,
ਹੰਝੂ, ਹੌਕੇ, ਪੀੜਾਂ ਸਜਣਾਂ ਨੇ ਦਿੱਤੀ ਸੌਗਾਤ।

ਹਰ ਵੇਲੇ ਤੂੰ ਚੇਤੇ ਆਵੇਂ, ਮੇਰੇ ਵਿੱਛੜੇ ਯਾਰ,
ਬਚਪਨ ਵਾਂਗਰ ਇਕ ਵਾਰੀ ਤੂੰ, ਕਹਿਦੇ ਆ ਕੇ 'ਝਾਤ'।

ਘੁਣ ਦੇ ਵਾਂਗਰ ਟੀ. ਵੀ. ਚੈਨਲ, ਖਾ ਗਏ ਸਭਿਆਚਾਰ,
ਸੱਭਿਆਚਾਰਕ ਮੇਲੇ ਕਰਨ, ਅਸੱਭਿਆਚਾਰਕ ਬਾਤ।

ਸੁਖਣਾ ਸੁਖ ਸੁਖ ਲਾਹੇ ਬਾਬਲ, ਸਿਰ ਤੋਂ ਧੀ ਦਾ ਭਾਰ,
ਪਰ ਧੀ ਰੋ ਰੋ ਕਹਿੰਦੀ 'ਬਾਬਲ! ਰਖ ਲੈ ਅਜ ਦੀ ਰਾਤ।'

ਤਾਕਤ ਹੈ ਤਾਂ ਕਰ ਲੈ ਜ਼ਾਲਿਮ, ਤੂੰ ਬਰਛੇ ਦਾ ਵਾਰ,
ਤੇਰੇ ਵਾਰ ਦਾ ਉੱਤਰ ਦੇਊ, ਮੇਰੀ ਕਲਮ-ਦਵਾਤ।

ਸਚ ਕਹਿਣਾ, ਵਿਸ਼ ਪੀਣਾ ਜਿਹੜੇ, ਕਰਦੇ ਨੇ ਮਨਜ਼ੂਰ,
ਅਜ-ਕਲ੍ਹ 'ਦਰਦੀ' ਕਿੱਥੇ ਐਸੇ ਮਿਲਦੇ ਨੇ ਸੁਕਰਾਤ।

✶

**(ਸੰਤਾਲੀ)**

ਕੰਨਾਂ ਦੇ ਵਿਚ ਪੈਂਦੀ ਜਦ ਵੀ ਵੰਗਾਂ ਦੀ ਛਣਕਾਰ।
ਓਸੇ ਵੇਲੇ ਤੇਰਾ ਚੇਤਾ ਆ ਜਾਵੇ ਦਿਲਦਾਰ।

ਮੇਰੇ ਸਜਣਾ, ਤੂੰ ਹੀ ਦੱਸ ਮੈਂ ਕਿੰਞ ਕਰ ਸਕਦਾਂ ਪਿਆਰ।
ਮੇਰੇ ਸਿਰ ਜਦ ਬੇਰੁਜ਼ਗਾਰੀ ਦੀ ਲਟਕੇ ਤਲਵਾਰ।

ਉੱਚੇ ਘਰ ਦੇ ਝੱਲਿਆ ਯਾਰਾ, ਨਾ ਕਰ ਮੈਨੂੰ ਪਿਆਰ,
ਸੁੱਖੀਂ-ਪਲਿਆ! ਮੇਰੇ ਕੋਲ ਤਾਂ ਨਾ ਕੋਠੀ ਨਾ ਕਾਰ।

ਮੱਥੇ ਤਿਉੜੀ ਪਾ ਕੇ ਨੱਕ ਚੜ੍ਹਾ ਕੇ ਲੰਘਦੇ ਹੋ,
ਕੀ ਹੋ ਗਈ ਗੁਸਤਾਖ਼ੀ ਮੈਥੋਂ, ਐ ਮੇਰੀ ਸਰਕਾਰ।

ਗ਼ੈਰਾਂ ਪਿੱਛੇ ਲਗਕੇ ਨਾ ਤੂੰ ਇਉਂ ਮੇਰਾ ਦਿਲ ਤੋੜ,
ਤੇਰਾ ਹਾਂ ਮੈਂ ਜਦ ਵੀ ਮੈਨੂੰ ਪਰਖ਼ ਲਈ ਤੂੰ ਯਾਰ।

ਜੋ ਕਹਿੰਦੇ ਸਨ ਸੀਸ ਤਲੀ 'ਤੇ ਧਰ ਕੇ ਆਵਾਂਗੇ,
ਲੋੜ ਪਈ ਤਾਂ ਪਿੱਠ ਵਿਖਾ ਕੇ ਨੱਠ ਗਏ ਸਭ ਯਾਰ।

ਜ਼ੁਲਮ ਸਹਿਣ ਦੇ ਆਦੀ ਹੋ ਕੇ ਜਿਹੜੇ ਬੈਠ ਗਏ,
ਸੁਣਕੇ ਉਠ ਖਲੋਣ ਉਹ 'ਦਰਦੀ' ਐਸੀ ਲਿਖ ਤੂੰ ਵਾਰ।

ਟਿਕ ਨਹੀਂ ਸਕਦੇ ਪਿਆਰ ਦੇ ਅੱਗੇ ਜਾਤਾਂ, ਰਸਮ-ਰਿਵਾਜ਼,
ਤੋੜ ਦਵੇਗਾ 'ਦਰਦੀ' ਇਕ ਦਿਨ ਮਜ਼ਬਾਂ ਦੀ ਦੀਵਾਰ।

✶

## (ਅਠਤਾਲੀ)

ਮਨਾਇਆ ਬਹੁਤ ਹੈ ਤੈਨੂੰ, ਨਾ ਹੁਣ ਤੈਨੂੰ ਮਨਾਵਾਂਗਾ।
ਤੇਰੇ ਬਿਨ ਜੀ ਲਵਾਂ 'ਕੱਲ੍ਹਾ, ਮੈਂ ਹੁਣ ਆਦਤ ਬਣਾਵਾਂਗਾ।

ਸਹਾਰੇ ਯਾਦ ਤੇਰੀ ਦੇ, ਮੈਂ ਹੁਣ ਜੀਵਨ ਬਿਤਾਵਾਂਗਾ।
ਨਾ ਸਾਰੀ ਜ਼ਿੰਦਗੀ ਕੋਈ, ਨਵਾਂ ਸਾਥੀ ਬਣਾਵਾਂਗਾ।

ਮੇਰੇ ਤਾਂ ਹਾਸਿਆਂ ਪਿੱਛੇ, ਵੀ ਗ਼ਮ ਦਿਸਣੇ ਨੇ ਲੋਕਾਂ ਨੂੰ,
ਤੇਰੇ ਦਿੱਤੇ ਹੋਏ ਜ਼ਖ਼ਮਾਂ ਨੂੰ ਮੈਂ ਕਿੱਦਾਂ ਲੁਕਾਵਾਂਗਾ।

ਜੇ ਦੋ ਪਲ ਵੀ ਕਿਸੇ ਦੇ ਨਾਲ ਰਹੀਏ, ਭੁੱਲਦਾ ਨਈ੍ਹੀਂ ਉਹ,
ਤੇਰੇ ਸੰਗ ਸਾਲ ਬੀਤੇ ਨੇ, ਮੈਂ ਦਸ ਕੀਕੂੰ ਭੁਲਾਵਾਂਗਾ।

ਤੂੰ ਕੱਢਿਆਂ ਦਿਲ 'ਚੋਂ ਇੰਝ ਮੈਨੂੰ, ਜਿਵੇਂ ਮੱਖਣ ਦੇ ਵਿੱਚੋਂ ਵਾਲ,
ਮਗਰ ਮੈਂ ਦਿਲ ਦੀ ਤਖਤੀ ਤੋਂ, ਨਾ ਤੇਰਾ ਨਾਂ ਮਿਟਾਵਾਂਗਾ।

ਮੁਹੱਬਤ ਨਾਲ ਜੇ ਆਖੇਂ, ਤਾਂ ਝੁਕ ਜਾਵਾਂ ਮੈਂ ਧਰਤੀ ਤਕ,
ਮਗਰ ਆਕੜ ਦੇ ਅੱਗੇ ਨਾ, ਕਦੇ ਮੈਂ ਸਿਰ ਝੁਕਾਵਾਂਗਾ।

ਮੇਰਾ ਹਰ ਸ਼ਿਅਰ ਐ ਸਜਣੀ, ਤੇਰੇ ਹੀ ਨਾਮ ਹੁੰਦਾ ਹੈ,
ਭੁਲੇਖੇ ਵਿਚ ਤੂੰ ਕਿਧਰੇ ਪੜ੍ਹ ਲਿਆ, ਮੈਂ ਯਾਦ ਆਵਾਂਗਾ।

ਅਜੇ ਮਹਿਲਾਂ 'ਚ ਤੂੰ ਰਹਿੰਨੈਂ ਬੜੀ 'ਫੂੰ-ਫੂੰ' ਹੈ ਤੇਰੇ ਵਿਚ,
ਜਦੋਂ ਠੋਕ੍ਰ ਪਊ ਤੈਨੂੰ, ਉਦੋਂ ਮੈਂ ਯਾਦ ਆਵਾਂਗਾ।

ਦੁਆ ਮੇਰੀ ਇਹ ਰੱਬ ਅੱਗੇ, ਮਿਲੇ ਤੈਨੂੰ ਸਜਨ-ਸੁਹਣਾ,
ਮੈਂ ਤੇਰੀ ਯਾਦ ਸੰਗ ਯਾਰਾ, ਇਹ ਹੁਣ ਜੀਵਨ ਲੰਘਾਵਾਂਗਾ।

ਤੂੰ ਸੁਖਣਾ ਸੁਖਦੀ ਹੋਵੇਂਗੀ, ਕਿ ਮਰ ਜਾਵੇ ਕਿਤੇ 'ਦਰਦੀ'
ਤੇਰੀ ਇਹ ਆਸ ਨਹੀਂ ਪੁੱਗਣੀ, ਮੈਂ ਹੁਣ ਜੀਅ ਕੇ ਵਿਖਾਵਾਂਗਾ।

✶

## (ਉਨੰਜਾ)

ਜਿੰਦ ਨਿਮਾਣੀ ਸਜਣਾ ਤਰਲੇ ਪਾਉਂਦੀ ਏ।
ਆ ਕੇ ਮਿਲ ਜਾ, ਕੂੰਜ ਤਰ੍ਹਾਂ ਕੁਰਲਾਉਂਦੀ ਏ।

'ਕੱਲਾ ਬਹਿਕੇ ਸ਼ਾਮ ਸਵੇਰੇ ਰੋ ਲੈਂਦਾਂ,
ਯਾਦ ਤੇਰੀ ਜਦ ਸਜਣਾ ਮੈਨੂੰ ਆਉਂਦੀ ਏ।

ਲੱਖਾਂ ਟਨ ਗ਼ਮ ਉਸਦੇ ਦਿਲ ਵਿਚ ਵਸਦਾ ਹੈ,
ਹੋਰਾਂ ਨੂੰ ਜੋ ਹਸ ਹਸ ਯਾਰ, ਹਸਾਉਂਦੀ ਏ।

ਇੰਝ ਲਗਦਾ ਹੈ ਘੋਰ-ਘਟਾਵਾਂ ਛਾ ਗਈਆਂ,
ਉਹ ਨ੍ਹਾ ਕੇ ਜਦ ਜ਼ੁਲਫ਼ਾਂ ਨੂੰ ਲਹਿਰਾਉਂਦੀ ਏ।

ਝੂਠੇ ਨੂੰ ਸਤਿਕਾਰਿਆ ਜਾਂਦਾ ਹਰ ਪਾਸੇ,
ਸੱਚੇ ਨੂੰ ਦੁਨੀਆਂ ਸੂਲੀ ਲਟਕਾਉਂਦੀ ਏ।

✶

**(ਪੰਜਾਹ)**

ਯਾਦ ਮੇਰੀ ਵਿਚ ਇਕ ਦਿਨ ਤੂੰ ਕੁਰਲਾਵੇਂਗਾ।
ਮੈਨੂੰ ਚੇਤੇ ਕਰ ਕਰ ਨੀਰ ਵਹਾਵੇਂਗਾ।

ਮੈਂ ਗਲ ਨਾਲ ਲਗਾ ਲਊਂ ਭੁੱਲਿਆ ਯਾਰਾ ਵੇ,
ਦਿਨ ਦਾ ਭੁੱਲਿਆ ਜਦ ਰਾਤੀਂ ਘਰ ਆਵੇਂਗਾ।

ਨਾਰਦ ਮੁੰਨੀਆਂ ਯਾਰਾਂ, ਮੈਂ ਸਭ ਜਾਣ ਲਿਐ,
ਏਧਰ ਦੀ ਤੂੰ ਜਾ ਕੇ ਓਧਰ ਲਾਵੇਂਗਾ।

ਸਜਣਾ! ਦਿਲ ਦੀ ਦਿਲ ਦੇ ਵਿਚ ਹੀ ਰੱਖਿਆ ਕਰ,
ਦਿਲ ਦੀ ਗੱਲ ਸੁਣਾ ਕੇ ਧੋਖਾ ਖਾਵੇਂਗਾ।

ਜੀਉਂਦੇ ਜੀਅ ਨਾ 'ਦਰਦੀ' ਚੰਗਾ ਬਣ ਸਕਿਓਂ,
ਕਹਿਣਗੇ ਸਾਰੇ 'ਚੰਗਾ' ਜਦ ਮਰ ਜਾਵੇਂਗਾ।

✶

## (ਇਕਵੰਜਾ)

ਕਿਸੇ ਦਿਨ ਪੁੱਛਣਾ ਉਸ ਨੂੰ, ਚੁਰਾਹੇ ਵਿਚ ਖੜਾ ਕਰਕੇ।
ਕਿ ਤੈਨੂੰ ਮਿਲਿਆ ਕੀ ਯਾਰਾ, ਵਫ਼ਾ ਬਦਲੇ ਜਫ਼ਾ ਕਰਕੇ।

ਤੂੰ ਮੇਰੀ ਗੱਲ ਰੱਖੀਂ ਯਾਦ, ਮੇਰੇ ਬੇਵਫ਼ਾ ਸਜਣਾ,
ਨਹੀਂ ਲਗਣਾ ਤੇਰਾ ਦਿਲ ਵੀ, ਕਦੀ ਮੈਨੂੰ ਜੁਦਾ ਕਰਕੇ।

ਭਲਾ ਮੰਗਿਆ ਹਮੇਸ਼ਾ ਮੈਂ, ਜਿਨ੍ਹਾਂ ਦਾ ਰੱਬ ਦੇ ਕੋਲੋਂ,
ਉਹੋ ਜਾਂਦੇ ਰਹੇ ਹਰ ਵਾਰ, ਮੇਰਾ ਹੀ ਬੁਰਾ ਕਰਕੇ।

'ਜੇ ਦਿਲ ਵਿਚ ਪਿਆਰ ਸੱਚਾ ਹੈ, ਲਗਾ ਦਊਂ ਪਾਰ ਮੈਂ ਤੈਨੂੰ',
ਕਿਹਾ ਕੱਚੇ ਘੜੇ ਸੋਹਣੀ ਨੂੰ 'ਤਰ ਕੁਝ ਹੌਸਲਾ ਕਰਕੇ।'

ਜਿਦ੍ਹੇ ਪਿੱਛੇ ਤੂੰ 'ਦਰਦੀ' ਛੱਡਿਆ, ਉਹ ਛਡ ਗਏ ਤੈਨੂੰ,
ਰਿਹਾ ਆਖ਼ਿਰ ਇਕੱਲਾ ਹੀ, ਤੂੰ ਮੇਰੇ ਸੰਗ ਦਗ਼ਾ ਕਰਕੇ।

✶

## (ਬਵੰਜਾ)

ਬਣੇ ਤੂੰ ਗ਼ੈਰ ਦਾ ਯਾਰਾ, ਇਹ ਮੈਥੋਂ ਜਰ ਨਹੀਂ ਹੋਣਾ।
ਕਿ ਤੈਨੂੰ ਪਾਉਣ ਤੋਂ ਪਹਿਲਾਂ, ਮੇਰੇ ਤੋਂ ਮਰ ਨਹੀਂ ਹੋਣਾ।

ਦਿਲਾ ਕਾਲ੍ਹਾ ਤੂੰ ਕਿਉਂ ਪੈਂਦੈਂ, ਜ਼ਰਾ ਤਾਂ ਸਬਰ ਕਰ ਕਮਲੇ,
ਉਹ ਜਦ ਤੱਕ ਬਾਤ ਨਹੀਂ ਪਾਉਂਦਾ, ਹੁੰਗਾਰਾ ਭਰ ਨਹੀਂ ਹੋਣਾ।

ਮੈਂ ਤੈਨੂੰ ਆਖਦਾਂ ਸੱਜਣਾ, ਪਿਛਾਂਹ ਮੁੜ ਜਾ, ਪਿਛਾਂਹ ਮੁੜ ਜਾ,
ਇਹ ਡੂੰਘਾ ਪਿਆਰ ਦਾ ਸਾਗਰ, ਤੇਰੇ ਤੋਂ ਤਰ ਨਹੀਂ ਹੋਣਾ।

ਜੇ ਰੁਸਦਾ ਹੈਂ ਤਾਂ ਰੁਸ ਜਾ ਫਿਰ, ਮਨਾਇਆ ਬਹੁਤ ਹੈ ਤੈਨੂੰ,
ਜੇ ਪੈਰੀਂ ਪੈ ਕੇ ਤੂੰ ਮੰਨਣਾ, ਇਹ ਮੈਥੋਂ ਕਰ ਨਹੀਂ ਹੋਣਾ।

ਇਹ ਗੱਲ 'ਦਰਦੀ' ਦੀ ਰੱਖੀਂ ਯਾਦ ਐ ਸੱਜਣ! ਕਿ ਹੁਣ ਤੈਥੋਂ,
ਮੇਰੇ ਬਿਨ ਜੀਅ ਨਹੀਂ ਹੋਣਾ, ਮੇਰੇ ਬਿਨ ਮਰ ਨਹੀਂ ਹੋਣਾ।

ਜੇ ਹਿੰਮਤ ਹੈ ਤਾਂ ਆ ਸਾਹਵੇਂ, ਖੜ੍ਹੇ ਮੈਦਾਨ ਵਿਚ 'ਦਰਦੀ',
ਕਰੇਂ ਮਜ਼ਲੂਮ 'ਤੇ ਤੂੰ ਜ਼ੁਲਮ, ਇਹ ਹੁਣ ਜਰ ਨਹੀਂ ਹੋਣਾ।

✶

## (ਤਰਵੰਜਾ)

### (ਮੁਸਲਸਲ ਗ਼ਜ਼ਲ)

ਕਿਸਨੇ ਭਾਗ ਲਗਾਇਆ, ਮੇਰੇ ਵਿਹੜੇ ਵਿਚ?
ਇਹ ਅਜ ਕਿਹੜਾ ਆਇਆ, ਮੇਰੇ ਵਿਹੜੇ ਵਿਚ?

ਆਪ ਮੁਹਾਰੇ ਧੜਕ ਪਿਆ ਹੈ ਮੇਰਾ ਦਿਲ,
ਕਿਸ ਚੂੜਾ ਛਣਕਾਇਆ, ਮੇਰੇ ਵਿਹੜੇ ਵਿਚ।

ਮਿੱਠੀ ਮਿੱਠੀ ਖੁਸ਼ਬੂ ਹਰ ਥਾਂ ਬਿਖਰੀ ਹੈ,
ਕਿਸਨੇ ਚੰਬਾ ਲਾਇਆ, ਮੇਰੇ ਵਿਹੜੇ ਵਿਚ।

ਕੀ ਹੋਇਆ ਜੇ ਫੁੱਲਾਂ ਵਿਚ ਹੈ ਘਰ ਤੇਰਾ,
ਸੂਲਾਂ ਦਾ ਸਰਮਾਇਆ, ਮੇਰੇ ਵਿਹੜੇ ਵਿਚ।

ਚਾਰੇ ਪਾਸੇ ਚਾਨਣ ਚਾਨਣ ਹੋਇਆ ਹੈ,
ਕਿਸਨੇ ਮੁੱਖ ਦਿਖਾਇਆ, ਮੇਰੇ ਵਿਹੜੇ ਵਿਚ।

ਮੇਰਾ ਸੁੰਦਰ ਸੁਪਨਾ ਟੁੱਟੈ ਅਧਵਾਟੇ,
ਕਿਸਨੇ ਸ਼ੋਰ ਮਚਾਇਆ, ਮੇਰੇ ਵਿਹੜੇ ਵਿਚ।

ਜਿਸ ਵਿਹੜੇ ਵਿਚ ਖੁਸ਼ੀਆਂ ਸੀ, ਅਜ ਗ਼ਮ ਆਇਐ,
ਗ਼ਮ ਨੂੰ ਕੌਣ ਲਿਆਇਆ, ਮੇਰੇ ਵਿਹੜੇ ਵਿਚ।

ਲਗਦੈ ਓਸ ਨੂੰ ਗ਼ੈਰਾਂ ਘਰ 'ਚੋਂ ਕਢ ਦਿੱਤੈ,
ਤਾਂ ਹੀ ਉਹ ਮੁੜ ਆਇਆ, ਮੇਰੇ ਵਿਹੜੇ ਵਿਚ।

ਐ 'ਦਰਦੀ' ਅੱਜ ਗ਼ੈਰ ਕਿਉਂ ਏਧਰ ਆਇਆ ਹੈ,
ਘਬਰਾਇਆ ਘਬਰਾਇਆ, ਮੇਰੇ ਵਿਹੜੇ ਵਿਚ।

✶

## (ਚੁਰਵੰਜਾ)

### (ਇਕ ਕਾਫ਼ੀਆ ਗ਼ਜ਼ਲ)

ਹੰਝੂ ਹੌਕੇ ਸੱਜਣਾ ਦਿਲ 'ਚ ਲੁਕੋ ਲੈਂਦਾਂ।
ਯਾਦ ਤੇਰੀ ਜਦ ਆਵੇ ਛੁਪ ਕੇ ਰੋ ਲੈਂਦਾਂ।

ਵੇਖ ਲਵੇ ਨਾ ਕੋਈ ਮੈਨੂੰ ਰੋਂਦੇ ਨੂੰ,
ਯਾਦ ਤੇਰੀ ਵਿਚ ਧੂੰਏ ਦੇ ਪਜ ਰੋ ਲੈਂਦਾਂ।

ਬਿਰਹਾ ਦੇ ਵਿਚ ਜਦ ਵੀ ਦਿਲ ਘਬਰਾਉਂਦਾ ਹੈ,
ਤੇਰੀਆਂ ਚਿਠੀਆਂ ਪੜ੍ਹਦਾਂ, ਪੜ੍ਹ ਕੇ ਰੋ ਲੈਂਦਾਂ।

ਜਿਸ ਦਰਿਆ ਦੇ ਕੰਢੇ ਆਪਾਂ ਮਿਲਦੇ ਸੀ,
ਜਦ ਜੀਅ ਕਰਦਾ ਉੱਥੇ ਬਹਿ ਕੇ ਰੋ ਲੈਂਦਾਂ।

ਰੋਗ ਅਵੱਲਾ ਇਹ ਕੀ ਲਾ ਦਿੱਤਾ ਸਜਣਾ,
ਆਪੇ ਹਸ ਹਸ ਕੇ ਮੈਂ ਆਪੇ ਰੋ ਲੈਂਦਾਂ।

ਰਬ ਦੇ ਵਾਂਗਰ ਕੀਤੀ ਜਿਸ ਦੀ ਪੂਜਾ ਮੈਂ,
ਉਹ ਕਾਹਤੋਂ ਛਡ ਤੁਰਿਆ, ਸੋਚ ਕੇ ਰੋ ਲੈਂਦਾਂ।

✶

## (ਪਚਵੰਜਾ)

ਦਿਲ ਨਾਗ ਤਰ੍ਹਾਂ ਮੇਲ੍ਹੇ, ਤੂੰ ਬੀਨ ਵਜਾ ਜੋਗੀ।
ਦਿਲ ਵਿਚ ਜੋ ਮਰ ਗਈਆਂ, ਰੀਝਾਂ ਨੂੰ ਜਗਾ ਜੋਗੀ।

ਚਿਰ ਹੋਇਆ ਏ ਵਿਛੜਿਆਂ, ਆ ਸੀਨੇ ਲਾ ਜੋਗੀ,
ਕੋਈ ਮੇਰੀ ਸੁਣ ਆ ਕੇ, ਕੋਈ ਅਪਣੀ ਸੁਣਾ ਜੋਗੀ।

ਇਹ ਰੋਗ ਕੇਹਾ ਲਗਿਆ, ਸਭ ਵੈਦ ਨੇ ਹਾਰ ਗਏ,
ਹਰ ਵਕਤ ਮੈਂ ਰੋਂਦਾ ਹਾਂ, ਰੋਂਦੇ ਨੂੰ ਹਸਾ ਜੋਗੀ।

ਹਰ ਤਰਫ਼ ਚਲੇ ਗੋਲੀ, ਹਰ ਤਰਫ਼ ਹੀ ਦਹਿਸ਼ਤ ਹੈ,
ਦੁਨੀਆਂ 'ਚ ਜੋ ਲੱਗੀ ਹੈ, ਉਹ ਅੱਗ ਬੁਝਾ ਜੋਗੀ।

'ਦਰਦੀ' ਦਾ ਇਹ ਦਿਲ ਹਰਦਮ, ਤੇਰੀ ਦੀਦ ਨੂੰ ਤੜਪ ਰਿਹੈ,
ਇਸ ਦਿਲ ਦੀ ਤੜਪ ਮੁੱਕੇ, ਮੈਨੂੰ ਦਰਸ ਦਿਖਾ ਜੋਗੀ।

✶

**(ਛਪੰਜਾ)**

ਲੁਟ ਪੁਟ ਹੁਣ ਕਹਿ ਰਿਹੈਂ, ਮੇਰੀ ਖ਼ਤਾ ਕੋਈ ਨਹੀਂ।
ਪਰ ਤੇਰੇ ਤੋਂ ਵੱਧ ਸੱਜਣਾ, ਬੇਵਫ਼ਾ ਕੋਈ ਨਹੀਂ।

ਕੋਲ ਤੂੰ ਆਉਂਦਾ ਨਹੀਂ, ਰਹਿੰਦਾ ਹੈਂ ਦੂਰੋਂ ਹੱਸਦਾ,
ਉਂਝ ਕਹਿੰਦਾ ਏਂ ਕਿ ਸਾਡਾ, ਫ਼ਾਸਲਾ ਕੋਈ ਨਹੀਂ।

ਮਾਲ ਜੇਕਰ ਕੋਲ ਹੈ ਤਾਂ, ਆਪਣੇ ਬਣਦੇ ਨੇ ਸਭ,
ਜੇਬ੍ਹ ਖਾਲੀ ਹੈ ਤਾਂ ਬਣਦਾ, ਆਪਣਾ ਕੋਈ ਨਹੀਂ।

ਹੁਣ ਤੂੰ ਰੋਂਦੈਂ ਕਿਉਂ ਦਿਲਾ, ਤੈਨੂੰ ਕਿਹਾ ਸੀ- ਪਰਖ਼ ਲੈ,
ਕਹਿੰਦਾ ਸੈਂ ਤੂੰ- ਯਾਰ ਨੂੰ ਤਾਂ ਪਰਖਦਾ ਕੋਈ ਨਹੀਂ।

ਮਾਸ ਪੱਟਾਂ ਦਾ ਖੁਵਾਇਆ, ਚਾਰੀਆਂ ਮੱਝੀਆਂ ਵੀ ਤੂੰ,
ਤੈਂ ਜਿਹਾ ਦੁਨੀਆਂ 'ਚ ਹੋਣਾ, ਆਸ਼ਕਾ ਕੋਈ ਨਹੀਂ।

ਲੋਕ ਸਭ ਮਤਲਬ ਦੇ ਨੇ, ਬਚਕੇ ਰਹੀਂ ਭੋਲੇ ਦਿਲਾ,
ਛੱਡ ਜਾਂਦੇ ਕੱਢ ਮਤਲਬ, ਆਪਣਾ ਕੋਈ ਨਹੀਂ।

ਤੂੰ ਹੀ ਸੀ ਇਕ ਯਾਰ 'ਦਰਦੀ' ਤੂੰ ਵੀ ਛੱਡ ਕੇ ਤੁਰ ਗਿਆ,
ਤੇਰੇ ਬਿਨ ਹੁਣ ਯਾਰ ਮੇਰਾ ਆਸਰਾ ਕੋਈ ਨਹੀਂ।

✶

## (ਸਤਵੰਜਾ)

ਆਜਾ ਸੁਣ ਲੈ ਨਵਿਆਂ ਯਾਰਾਂ ਮੇਰੀ ਦਰਦ ਕਹਾਣੀ।
ਵਾਰੋ-ਵਾਰੀ ਤੁਰ ਗਏ ਸਾਰੇ ਧੋਖਾ ਦੇ ਕੇ ਹਾਣੀ।

ਤੈਥੋਂ ਆਸ ਨਹੀਂ ਸੀ ਤੂੰ ਵੀ ਦਿਲ ਨੂੰ ਕੀਚਰ ਕੀਤਾ,
ਦਿਲ ਦੇ ਤਖ਼ਤ ਬਿਠਾਇਆ ਸੀ ਮੈਂ, ਜਾਣਕੇ ਦਿਲ ਦੀ ਰਾਣੀ।

ਪਿਆਰ ਵਧਾਇਆ ਕਰ ਤੂੰ ਯਾਰਾ, ਕਰਨੀ ਫੂੰ-ਫੂੰ ਛਡਦੇ,
ਮੁੜਕੇ ਫੇਰ ਕਦੇ ਨਾ ਸੁਲਝੂ, ਉਲਝ ਗਈ ਜੇ ਤਾਣੀ।

ਕਿਉਂ ਨਾ ਸਾਡੇ ਖ਼ੂਨ 'ਚ ਯਾਰੋ, ਇਸ਼ਕ-ਮੁਹੱਬਤ ਹੋਵੇ,
ਜਦ ਕਿ ਸਾਡੇ ਜਿਸਮਾਂ ਵਿਚ ਹੈ, ਪੰਜ ਨਦੀਆਂ ਦਾ ਪਾਣੀ।

ਤੇਰੀ ਵਾਰੀ ਆਣ ਖੜੀ ਹੈ, ਤੂੰ ਦਰਿਆ 'ਤੇ ਰੁੱਖੜਾ,
ਵਾਰੋ-ਵਾਰੀ ਤੁਰ ਗਏ 'ਦਰਦੀ' ਸਾਰੇ ਤੇਰੇ ਹਾਣੀ।

ਦੁਖ ਤਕਲੀਫ਼ ਨੇ ਵੇਖੀਂ ਤੇਰੇ, ਲਾਗੇ ਵੀ ਨਹੀਂ ਆਉਣਾ,
ਸ਼ਾਮ-ਸਵੇਰੇ ਉਠਕੇ 'ਦਰਦੀ' ਪੜ੍ਹਿਆ ਕਰ ਤੂੰ ਬਾਣੀ।

✶

## (ਅਠਵੰਜਾ)

ਇਸ਼ਕ ਲਈ ਜਿਹਨਾਂ ਨੇ ਜਾਨਾਂ ਵਾਰੀਆਂ।
ਬਣ ਗਈਆਂ ਸ਼ਖ਼ਸੀਅਤਾਂ ਉਹ ਪਿਆਰੀਆਂ।

ਇਸ਼ਕ 'ਤੇ ਕਰ ਨਾ ਭਰੋਸਾ ਐ ਦਿਲਾ,
ਇਸ਼ਕ ਨੇ ਕੁਝ ਡੋਬੀਆਂ ਕੁਝ ਤਾਰੀਆਂ।

ਘਾਟ ਤੇਰੀ ਰੜਕਦੀ ਰਹਿੰਦੀ ਹੈ ਯਾਰ,
ਤੇਰੇ ਬਿਨ ਨੇ ਦੌਲਤਾਂ ਉਂਝ ਸਾਰੀਆਂ।

'ਕੱਲੇ ਬਹਿ ਕੇ ਰੋਣਾ ਪੈਣਾ ਉਮਰ ਭਰ,
ਲਾ ਬਹੀਂ ਐ ਦਿਲ! ਨਾ ਕਿਧਰੇ ਯਾਰੀਆਂ।

ਰਬ ਦੇ ਦੀਦਾਰ ਹੋ ਜਾਂਦੇ ਨੇ ਯਾਰ,
ਵੇਖਦਾ ਖੜ੍ਹ ਕੇ ਤੂੰ ਜਦ ਵਿਚ ਬਾਰੀਆਂ।

ਜੀਨ ਪੈਂਟਾਂ, ਬੌਬ-ਕੱਟ ਨੇ ਹਰ ਤਰਫ਼,
ਨਾ ਦੁਪੱਟਾ ਨਾ ਸਿਰੀਂ ਫੁਲਕਾਰੀਆਂ।

ਹੋ ਗਈ ਦੁਨੀਆਂ ਬੜੀ ਹੁਸ਼ਿਆਰ ਅਜ,
ਸਿੱਖੀਆਂ ਨਾ ਪਰ ਅਸਾਂ ਹੁਸ਼ਿਆਰੀਆਂ।

✶

**(ਉਨ੍ਹਾਂ)**

ਗ਼ੈਰਾਂ ਦੇ ਦਿਲ 'ਚ ਅਜ-ਕਲ੍ਹ ਯਾਰਾ ਨਿਵਾਸ ਤੇਰਾ।
ਆ ਜਾ ਤੂੰ ਵੇਖ ਆ ਕੇ 'ਦਰਦੀ' ਉਦਾਸ ਤੇਰਾ।

ਜਾ ਕੇ ਲਗਾ ਗਲੇ ਤੂੰ, ਤੇਰੀ ਹੈ ਲੋੜ ਉਸ ਨੂੰ,
ਅਜ ਰੁਲ ਰਿਹਾ ਹੈ ਦਰ-ਦਰ ਜੋ ਕਲ੍ਹ ਸੀ ਖ਼ਾਸ ਤੇਰਾ।

ਤੇਰੀ ਰਕੀਬਾਂ ਸੰਗ ਵੀ, ਲੱਗਦਾ ਬਣੀ ਨਹੀਂ ਹੈ,
ਅੱਖਾਂ 'ਚ ਤੇਰੇ ਹੰਝੂ, ਚਿਹਰਾ ਉਦਾਸ ਤੇਰਾ।

ਬਹੁਤਾ ਗੁਮਾਨ ਨਾ ਕਰ, ਰਹਿਣਾ ਸਦਾ ਨਹੀਂ ਇਸਨੇ,
ਮਿੱਟੀ 'ਚ ਮਿੱਟੀ ਹੋਣਾ, ਚਿੱਟਾ ਜੋ ਮਾਸ ਤੇਰਾ।

ਮੱਥਾ ਮੈਂ ਕਿਉਂ ਘਸਾਵਾਂ, ਮੰਦਰ-ਮਸੀਤ ਜਾ ਕੇ,
ਜਦ ਦਿਲ ਮੇਰੇ ਦੇ ਅੰਦਰ, ਯਾਰਾ ਹੈ ਵਾਸ ਤੇਰਾ।

ਦੁਨੀਆਂ ਕਹੇ ਜੋ ਚਾਹੇ, ਤੇਰਾ ਰਹੇਗਾ 'ਦਰਦੀ'
ਲੋਕਾਂ ਨੂੰ ਕੀ ਪਤਾ ਹੈ, ਮੈਨੂੰ ਹੈ ਪਾਸ ਤੇਰਾ।

✶

## (ਸੱਠ)

ਪੜ੍ਹਦਾਂ ਜਦੋਂ ਵੀ ਅਕਸਰ, ਖ਼ਤ ਅਪਣੇ ਪਿਆਰਿਆਂ ਦਾ।
ਚੇਤਾ ਉਦੋਂ ਹੀ ਆਵੇ, ਉਹਨਾਂ ਦੇ ਲਾਰਿਆਂ ਦਾ।

ਮੈਂ ਪਿਆਰ ਜਦ ਦਾ ਪਾਇਆ, ਤਦ ਦਾ ਟਿਕਾਅ ਨਾ ਆਵੇ,
ਕੀ ਹਾਲ ਮੇਰੇ ਵਰਗਾ, ਹੁੰਦਾ ਏ ਸਾਰਿਆਂ ਦਾ?

ਕਰਦਾ ਹਾਂ ਤੇਰੀ ਮਿੰਨਤ, ਮੰਨ ਜਾ ਤੂੰ ਯਾਰ ਮੇਰੀ,
ਹੁੰਦਾ ਕੀ ਮੇਲ ਦਸ ਤੂੰ ਕੱਲੀ ਚੁਬਾਰਿਆਂ ਦਾ।

ਨਾ ਖਾਣ ਚੰਗਾ ਲਗਦੈ, ਨਾ ਪਾਣ ਚੰਗਾ ਲਗਦੈ,
ਏਦਾਂ ਹੀ ਹਾਲ ਹੁੰਦੈ, ਨੈਣਾਂ ਦੇ ਮਾਰਿਆਂ ਦਾ।

ਬਸ ਢਾਈ ਹੱਥ ਧਰਤੀ ਹਿੱਸੇ ’ਚ ਆਉਣੀ ਤੇਰੇ,
ਕਰ ਨਾ ਤੂੰ ਮਾਣ ਬਹੁਤਾ ਉੱਚੇ ਚੁਬਾਰਿਆਂ ਦਾ।

ਘਰ ਘਰ ਤੋਂ ਖ਼ੈਰ ਮੰਗਣ, ਥਾਂ ਥਾਂ ਤੋਂ ਪੈਣ ਪੱਥਰ,
ਇਹ ਹੀ ਹਸ਼ਰ ਏ ਹੁੰਦਾ, ਉਲਫ਼ਤ ਦੇ ਮਾਰਿਆਂ ਦਾ।

ਮੈਨੂੰ ਨਚੋੜ ਕੇ ਜੋ, ਹੁਣ ਸੁੱਟ ਗਏ ਨੇ ‘ਦਰਦੀ’
ਧੰਨਵਾਦ ਕਿਉਂ ਕਰਾਂ ਨਾ, ਮੈਂ ਉਹਨਾਂ ਸਾਰਿਆਂ ਦਾ।

✶

**(ਇਕਾਂਤ)**

ਖ਼ੁਸ਼ਬੂ ਵਰਗਾ ਸੱਜਣ ਜਦ ਵੀ ਆਉਂਦਾ ਹੈ।
ਮੇਰੇ ਦਿਲ ਦੇ ਵਿਹੜੇ ਨੂੰ ਮਹਿਕਾਉਂਦਾ ਹੈ।

ਮੈਨੂੰ ਦੂਰੋਂ ਵੇਖਕੇ ਜੋ ਮੁਸਕਰਾਉਂਦਾ ਹੈ।
ਨੇੜੇ ਆ ਕੇ ਕਿਉਂ ਮੈਥੋਂ ਸ਼ਰਮਾਉਂਦਾ ਹੈ।

ਮੇਰਾ ਦਿਲ, ਇਹ ਮੇਰਾ ਦਿਲ ਹੈ, ਮੇਰਾ ਦਿਲ,
ਦੁਸ਼ਮਣ ਦੇ ਦਿਲ ਨੂੰ ਵੀ ਜਾ ਧੜਕਾਉਂਦਾ ਹੈ।

ਵੇਖਣ ਨੂੰ ਜੋ ਪੱਥਰ ਵਰਗਾ ਲੱਗਦਾ ਏ,
ਮਨ ਉਸਦਾ ਵੀ ਫੁੱਲਾਂ ਨੂੰ ਲਲਚਾਉਂਦਾ ਹੈ।

ਲਗਦੈ ਉਸਦੇ ਦਿਲ ਵਿਚ ਵੀ ਹੈ ਗ਼ਮ ਕੋਈ,
ਹਰਦਮ ਜੋਂ ਬਿਰਹੋਂ ਦੇ ਗੀਤ ਸੁਣਾਉਂਦਾ ਹੈ।

ਰੱਬ ਛੁਡਾਵੇ ਖਹਿੜਾ ਐਸੇ ਮਿੱਤਰ ਤੋਂ,
ਜੋ ਏਧਰ ਦੀ ਓਧਰ ਜਾ ਕੇ ਲਾਉਂਦਾ ਹੈ।

ਰਬ ਹੀ ਰਾਖਾ ਹੈ ਇਸ ਕੱਚੇ ਕੋਠੇ ਦਾ,
'ਦਰਦੀ' ਗੜ੍ਹ ਗੜ੍ਹ ਕਰਦਾ ਬੱਦਲ ਆਉਂਦਾ ਹੈ।

✶

**(ਬਾਰੂ)**

ਹੋ ਗਏ ਨੇ ਮਤਲਬੀ ਸਭ ਯਾਰ ਹੁਣ।
ਲੱਭਦਾ ਕੋਈ ਨਹੀਂ ਗ਼ਮਖ਼ਾਰ ਹੁਣ।

ਕਿਹੜੀ ਐਸੀ ਹੋ ਗਈ ਮੈਥੋਂ ਖ਼ਤਾ,
ਜੋ ਤੁਹਾਡੇ ਹੁੰਦੇ ਨਾ ਦੀਦਾਰ ਹੁਣ।

ਯਾ! ਖ਼ੁਦਾ ਲੱਗੇ ਨਜ਼ਰ ਨਾ ਏਸ ਨੂੰ,
ਮੱਦਤਾਂ ਪਿੱਛੋਂ ਖਿੜੀ ਗੁਲਜ਼ਾਰ ਹੁਣ।

ਝੂਠਿਆਂ ਦਾ ਬੋਲਬਾਲਾ ਹਰ ਤਰਫ਼,
ਸੱਚਿਆਂ ਸਿਰ ਲਟਕਦੀ ਤਲਵਾਰ ਹੁਣ।

ਕੌਣ ਰੋਕੇ ਲੋਟੂਆਂ ਨੂੰ ਲੁੱਟਣੋ,
ਉਹਨਾਂ ਦੀ ਹੈ ਅਪਣੀ ਸਰਕਾਰ ਹੁਣ।

ਹਰ ਕਦਮ ਸੰਭਲ ਕੇ ਧਰਨਾ ਪੈ ਰਿਹਾ,
ਖਿੱਲਰੇ ਨੇ ਹਰ ਤਰਫ਼ ਅੰਗਿਆਰ ਹੁਣ।

ਕਹਿੰਦੇ ਸਨ ਜੋ ਜਿੰਦ ਵਾਰਾਂਗੇ ਅਸੀਂ,
ਕਿੱਥੇ ਹਨ ਉਹ 'ਦਰਦੀ' ਤੇਰੇ ਯਾਰ ਹੁਣ?

✶

## (ਤ੍ਰੇਹ)

ਮੈਨੂੰ ਤੇਰੀ ਆਸ਼ਕੀ ਦਾ ਸ਼ੌਕ ਹੈ।
ਇਹ ਤਾਂ ਮੇਰੀ ਜ਼ਿੰਦਗੀ ਦਾ ਸ਼ੌਕ ਹੈ।

ਵਾਰ ਦੇਣੀ ਜਾਨ ਅਪਣੀ ਕੌਮ ਤੋਂ,
ਮੁੱਢ ਤੋਂ ਇਹ ਆਦਮੀ ਦਾ ਸ਼ੌਕ ਹੈ।

ਮੈਂ ਕਦੇ ਪੱਥਰ ਨਹੀਂ ਹਾਂ ਪੂਜਦਾ,
ਮੈਨੂੰ ਰੱਬ ਦੀ ਬੰਦਗੀ ਦਾ ਸ਼ੌਕ ਹੈ।

ਸ਼ੋਖੀਆਂ ਵੀ ਜ਼ਿੰਦਗੀ ਦਾ ਰੰਗ ਹਨ,
ਮੈਨੂੰ ਲੇਕਿਨ ਸਾਦਗੀ ਦਾ ਸ਼ੌਕ ਹੈ।

ਹਾਕਮਾ ਦੇ ਨਾਲ ਤੂੰ ਰਲ ਬੈਠਦੈਂ,
ਲਗਦੈ ਤੈਨੂੰ ਮੁਖ਼ਬਰੀ ਦਾ ਸ਼ੌਕ ਹੈ।

ਰੋਜ਼ ਉਹ ਪੈਗ਼ਾਮ ਜੋ ਹੈ ਭੇਜਦਾ,
ਉਸ ਨੂੰ ਲਗਦੈ ਦੋਸਤੀ ਦਾ ਸ਼ੌਕ ਹੈ।

ਵੇਖਦਾ ਰਹਿੰਦਾ ਹੈ 'ਦਰਦੀ' ਚੰਦ ਵੱਲ,
ਉਸ ਨੂੰ ਸ਼ਾਇਦ ਰੌਸ਼ਨੀ ਦਾ ਸ਼ੌਕ ਹੈ।

✶

**(ਚੌਹਠ)**

ਜਦੋਂ ਦਾ ਤੇਰਾ ਆਸਰਾ ਮਿਲ ਗਿਆ ਹੈ।
ਇਵੇਂ ਜਾਪਦੈ ਕਿ ਖ਼ੁਦਾ ਮਿਲ ਗਿਆ ਹੈ।

ਮੁਸਾਫ਼ਿਰ ਜੋ ਪਹੁੰਚੇ ਨੇ ਮੰਜ਼ਿਲ 'ਤੇ ਅਪਣੀ,
ਉਨ੍ਹਾਂ ਨੂੰ ਕੋਈ ਰਹਿਨੁਮਾ ਮਿਲ ਗਿਆ ਹੈ।

ਰਿਹਾ ਭਾਲਦਾ ਜਿਸ ਨੂੰ ਮੈਂ ਜੰਗਲਾਂ ਵਿਚ,
ਮੇਰੇ ਦਿਲ ਚੋਂ ਓਹੀ ਖ਼ੁਦਾ ਮਿਲ ਗਿਆ ਹੈ।

ਜਦੋਂ ਵੇਖਿਆਂ ਉਸ ਨੇ ਮਹਿਬੂਬ ਦੇ ਵੱਲ,
ਇਵੇਂ ਲੱਗਾ ਉਸ ਨੂੰ ਨਸ਼ਾ ਮਿਲ ਗਿਆ ਹੈ।

ਭਰੇ ਰਹਿੰਦੇ ਨੇ ਮੇਰੇ ਨੈਣਾਂ ਦੇ ਪਿਆਲੇ,
ਜਦੋਂ ਦਾ ਸਨਮ ਬੇਵਫ਼ਾ ਮਿਲ ਗਿਆ ਹੈ।

ਲੁਕਾਇਆ ਸੀ ਜਿਸ ਨੇ ਪਤਾ ਅਪਣਾ ਮੈਥੋਂ,
ਉਸੇ ਬੇਵਫ਼ਾ ਦਾ ਪਤਾ ਮਿਲ ਗਿਆ ਹੈ।

ਹੈ 'ਦਰਦੀ' ਦਾ ਅਜ-ਕੱਲ੍ਹ ਤਾਂ ਦੁਸ਼ਮਣ ਜ਼ਮਾਨਾ,
ਮੁਹੱਬਤ ਦਾ ਉਸਨੂੰ ਸਿਲਾ ਮਿਲ ਗਿਆ ਹੈ।

✶

## (ਪੈਂਡੂ)

ਮੈਂ ਜਦੋਂ ਦਾ ਪਿਆਰ ਯਾਰੋ ਬੇਵਫ਼ਾ ਸੰਗ ਪਾ ਲਿਆ।
ਰੋਗ ਓਦੋਂ ਦਾ ਮੈਂ ਅਪਣੀ ਜ਼ਿੰਦਗੀ ਨੂੰ ਲਾ ਲਿਆ।

ਯਾਦ ਆਈ ਯਾਰ ਦੀ ਜਦ ਮੈਨੂੰ ਅੱਧੀ ਰਾਤ ਨੂੰ,
ਵੇਖ ਕੇ ਫੋਟੋ ਉਦ੍ਹੀ ਮੈਂ ਅਪਣਾ ਜੀਅ ਪਰਚਾ ਲਿਆ।

ਨਾ ਤੂੰ ਏਥੇ ਪਿਆਰ ਪਾਵੀਂ ਬੇਵਫ਼ਾ ਸਭ ਲੋਕ ਨੇ,
ਇਸ ਤਰ੍ਹਾਂ ਕਹਿ ਕੇ ਬੇਸਮਝੇ ਦਿਲ ਨੂੰ ਮੈਂ ਸਮਝਾ ਲਿਆ।

ਕੱਚੇ ਤੇਰੇ ਵਾਦ੍ਹੇ ਨੇ ਤੇ ਕੱਚਾ ਤੇਰਾ ਪਿਆਰ ਹੈ,
ਬਹੁਤ ਵਾਰੀ ਤੈਨੂੰ ਮੈਂ ਹੈ ਸੱਜਣਾ ਅਜ਼ਮਾ ਲਿਆ।

ਕੀ ਪਤਾ ਕਿੰਨ੍ਹਾ ਕੁ ਉਸ ਨੂੰ ਯਾਦ ਕਰਦੈਂ ਤੂੰ ਵੀ ਪਰ,
'ਦਰਦੀ' ਨੇ ਤਾਂ ਨਾਂ ਤੇਰਾ ਸੀਨੇ 'ਤੇ ਹੈ ਲਿਖਵਾ ਲਿਆ।

✶

**(ਛਿਆਨੂ)**

ਕਦੋਂ ਤੀਕ ਰਹਿਣੇ ਇਹ ਕਾਲੇ ਹਨੇਰੇ।
ਦੁਆ ਮੇਰੀ ਰੱਬਾ ਕਿ ਆਵਣ ਸਵੇਰੇ।

ਬਿਨਾਂ ਤੇਰੇ ਯਾਰਾ ਹੈ ਜੀਵਨ ਖੜੋਤਾ,
ਇਹ ਰਾਤਾਂ ਨਾ ਮੁੱਕਣ, ਇਹ ਦਿਨ ਨੇ ਲਮੇਰੇ।

ਉਨ੍ਹਾਂ ਨੇ ਨਈਂ ਆਉਣਾ, ਇਹ ਸਭ ਨੂੰ ਪਤਾ ਹੈ,
ਕੋਈ ਕਾਂ ਵੀ ਬੋਲੇ ਨਾ ਮੇਰੇ ਬਨੇਰੇ।

ਕੇਹਾ ਦੌਰ ਹੈ ਇਹ ਸਭੇ ਪੀਣ ਦਾਰੂ,
ਨਾ ਦੁਧ ਕੋਈ ਪੀਵੇ, ਨਾ ਘਰ ਘਰ ਲਵੇਰੇ।

ਨਾ ਲਾਵੀਂ ਤੂੰ ਲਾਰੇ, ਜਾਂ ਹਾਂ ਕਰ, ਜਾਂ ਨਾ ਕਰ,
ਮੁਕਾ ਦੇ ਤੂੰ ਛੇਤੀ ਇਹ ਘੁੰਮਣ-ਘਮੇਰੇ।

ਨਾ ਤੇਰੇ ਜਿਹਾ ਕੋਈ ਮਿਲਿਆ ਏ 'ਦਰਦੀ',
ਉਵੇਂ ਯਾਰ ਮਿਲਦੇ ਨੇ ਮੈਨੂੰ ਬਥੇਰੇ।

✶

**(ਸਤਾਰ੍ਹ)**

ਕੀ ਆਸ ਰੱਖਦੇ ਹੋ, ਉਹਨਾਂ ਨਕਾਰਿਆਂ ਤੋਂ।
ਡਰਦੇ ਨੇ ਰਹਿੰਦੇ ਜਿਹੜੇ ਅਕਸਰ ਕਿਨਾਰਿਆਂ ਤੋ।

ਮੈਨੂੰ ਬੁਲਾ ਕੇ ਸੱਜਣਾ ਆਇਆ ਨਾ ਫੇਰ ਅੱਜ ਤੂੰ,
ਧੋਖਾ ਹਮੇਸ਼ਾ ਖਾਧਾ, ਤੇਰੇ ਮੈਂ ਲਾਰਿਆਂ ਤੋਂ।

ਤਰਕੇ ਘੜੇ ਤੇ ਆਊ, ਕਹਿੰਦਾ ਸੀ ਯਾਰ ਜਿਹੜਾ,
ਅਜ ਓਹੀ ਭਜ ਗਿਆ ਏ, ਡਰਕੇ ਕਿਨਾਰਿਆਂ ਤੋਂ।

ਮਹਿਬੂਬ ਜਦ ਵੀ ਹਸਦੈ, ਖਿੜਿਆ ਗੁਲਾਬ ਲੱਗਦੈ,
ਕੁਰਬਾਨ ਹੋ ਰਿਹਾ ਦਿਲ, ਇਹਨਾਂ ਨਜ਼ਾਰਿਆਂ ਤੋਂ।

ਬਲਦੀ ਬੁਝਉਣ ਦੀ ਥਾਂ, ਜੋ ਤੇਲ ਪਾ ਰਹੇ ਨੇ,
ਰਬ ਹੀ ਬਚਾਵੇ 'ਦਰਦੀ' ਐਸੇ ਪਿਆਰਿਆਂ ਤੋਂ।

★

## (ਅਠਾਰ੍ਹ)

ਡੋਬਿਆ ਮੈਨੂੰ ਯਾਰਾਂ ਨੇ।
ਮਤਲਬਖ਼ੋਰ ਮਕਾਰਾਂ ਨੇ।

ਸਾਡਾ ਤਾਂ ਹੈ ਹਾਲ ਉਹੀ,
ਬਦਲ ਗਈਆਂ ਸਰਕਾਰਾਂ ਨੇ।

ਗ਼ੈਰਾਂ ਨੂੰ ਕੀ ਦੇਣਾ ਦੋਸ਼,
ਕਿਸਮਤ ਵਿਚ ਜਦ ਹਾਰਾਂ ਨੇ।

ਪਤਝੜ ਤੇਰੇ ਬਿਨ ਯਾਰਾਂ,
ਤੇਰੇ ਨਾਲ ਬਹਾਰਾਂ ਨੇ।

ਮੁੰਡੇ ਹੋਏ ਪਾਸ ਮਸਾਂ,
ਨੰਬਰ ਲਏ ਮੁਟਿਆਰਾਂ ਨੇ।

ਚਾਰੇ ਪਾਸੇ ਵੱਜੇ ਪੌਂਪ,
ਕਿੱਥੇ ਗਈਆਂ ਵਾਰਾਂ ਨੇ।

ਕਹਿਣ ਸਿਆਣੇ 'ਦਰਦੀ' ਸੱਚ,
'ਯਾਰਾਂ ਨਾਲ ਬਹਾਰਾਂ ਨੇ।'

✶

## ਇੱਕ ਹੋਣਹਾਰ ਸ਼ਾਇਰ

# ਸਰਬਜੀਤ 'ਦਰਦੀ'



ਸਰਬਜੀਤ 'ਦਰਦੀ' ਗ਼ਜ਼ਲ-ਅਕਾਸ਼ ਦੇ ਧਰੂ-ਤਾਰੇ ਜਨਾਬ ਅਮਰਜੀਤ ਸਿੰਘ ਸੰਧੂ ਦਾ ਇੱਕ ਹੋਣਹਾਰ ਸ਼ਾਗਿਰਦ ਹੈ ਅਤੇ ਮੇਰਾ ਅਜ਼ੀਜ਼ ਦੋਸਤ ਹੈ। ਧੀਮੀ ਸੁਰ ਵਿੱਚ ਮਿੱਠਾ ਬੋਲਣ ਵਾਲਾ, ਨਿਮਰਤਾ ਨਾਲ ਹੁੱਬ ਕੇ ਮਿਲਣ ਵਾਲਾ ਇਹ ਨੌਜਵਾਨ ਪਹਿਲਾਂ-ਪਹਿਲ ਕਹਾਣੀਆਂ ਲਿਖਦਾ ਹੁੰਦਾ ਸੀ। ਉਦੋਂ ਵੀ ਇਹ ਨੌਜਵਾਨ ਆਪਣੇ ਹਮ-ਉਮਰ ਕਹਾਣੀਕਾਰਾਂ ਤੋਂ ਚਾਰ ਕਦਮ ਅੱਗੇ ਦਿੱਸਦਾ ਸੀ ਤੇ ਹੁਣ ਜਦੋਂ ਉਹ ਸੰਧੂ ਹੁਰਾਂ ਦੀ ਛਤਰ-ਛਾਇਆ ਹੇਠ ਗ਼ਜ਼ਲ ਕਹਿਣ ਲੱਗ ਪਿਆ ਹੈ ਤਾਂ ਵੀ ਉਹ ਆਪਣੇ ਹਾਣੀ ਗ਼ਜ਼ਲਗੋਆਂ ਨਾਲੋਂ ਚਾਰ ਕਦਮ ਅੱਗੇ ਹੀ ਨਜ਼ਰ ਆਉਂਦਾ ਹੈ। ਲਗਨ, ਮਿਹਨਤ, ਸਿਰੜ ਤੇ ਸਹੀ ਅਗਵਾਈ ਦੇ ਆਸਰੇ ਜਿਸ ਤੇਜ਼ੀ ਨਾਲ ਇਹ ਕਦਮ-ਦਰ-ਕਦਮ ਅੱਗੇ ਵਧ ਰਿਹਾ ਹੈ, ਉਸ ਤੋਂ ਜਾਪਦਾ ਹੈ ਕਿ ਉਹ ਆਪਣੇ ਉਸਤਾਦ ਵਾਂਗੂੰ ਹੀ ਇੱਕ ਦਿਨ ਗ਼ਜ਼ਲ ਦੇ ਅੰਬਰ ਦਾ ਧਰੂ ਤਾਰਾ ਸਾਬਤ ਹੋਵੇਗਾ। ਮੈਂ ਇਸ ਵਾਸਤੇ ਦਿਲੋਂ ਦੁਆ-ਗੋ ਹਾਂ।

-ਗੁਰਦੀਪ ਸਿੰਘ ਭਾਟੀਆ (ਦੀਪ)
ਪਿੰਡ ਤੇ ਡਾਕ- ਜੈਤੇਵਾਲੀ,
(ਜਲੰਧਰ)
1 ਜੁਲਾਈ, 2008

ਉਡੀਕਾਂ (ਗ਼ਜ਼ਲ-ਸੰਗ੍ਰਹਿ) ਸਰਬਜੀਤ 'ਦਰਦੀ'